
ISSN 0972-2335

# ਅੰਮ੍ਰਿਤ ਕੀਰਤਨ




ਡਾ. ਜਾਗੀਰ ਸਿੰਘ
ਦੀ ਨਵੀਂ ਪੁਸਤਕ




ਨਵੇਂ ਸਾਲ ਦੀਆਂ ਵਧਾਈਆਂ

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਜਨਵਰੀ 2022

ਮੁੱਲ 15/-



## ਐਤਵਾਰ (ਭਾਗ -2)

ਗੁਰਦੁਆਰੇ ਜਾਣ ਦਾ ਨਿਤ ਅਭਿਆਸ ਕਰ ਲਉ,
ਇਹ ਸਮਝ ਲਉ ਕੁੱਝ ਕਮਾ ਰਹੇ ਹਾਂ ।
ਮਾਰੋ ਮਾਰ ਕਰਦਿਆਂ ਨਾ ਧੱਨ ਜੁੜਦਾ,
ਦੇਣ ਵਾਲੇ ਨੂੰ ਸਮਝੋ ਰਿਝਾ ਰਹੇ ਹਾਂ ।
ਪਿਆਰੇ ਰਬ ਨੇ ਮਿਹਰ ਕਰ ਯੋਗ ਕੀਤਾ,
ਖਾਣ ਪੀਣ ਤੇ ਵਸਤਰ ਹੰਢਾ ਰਹੇ ਹਾਂ ।
ਸਮਾਂ ਸੈਰ ਸਪਾਟੇ ਲਈ ਸਦਾ ਕੱਢੋ,
ਕਦੇ ਮਿੱਤਰਾਂ ਸਬੰਧੀਆਂ ਵਲ ਜਾ ਰਹੇ ਹਾਂ ।
ਖਾਣ ਪੀਣ ਤੇ ਸਿਹਤ ਦਾ ਖ਼ਿਆਲ ਰੱਖੋ,
ਕੰਮ-ਕਾਰ ਲਈ ਸਮਾਂ ਨਿਭਾ ਰਹੇ ਹਾਂ ।
ਹੁਣ ਤਾਂ ਧੱਨ ਤੇ ਸਿਹਤ ਸੰਭਾਲ ਰਖੀਏ,
ਮੂਰਖ ਬਣਨ ਲਈ ਕੀਰਨੇ ਪਾ ਰਹੇ ਹਾਂ ।
ਸਮਾਂ ਬਹੁਤ ਹੈ ਝੱਖੜ ਹਨੇਰੀਆਂ ਦਾ,
ਨਾਲ ਹੋਸ਼ਿਆਰੀ ਇਹ ਲੰਘਾ ਰਹੇ ਹਾਂ ।
ਸੰਤੋਖ ਬੰਦੇ ਸੰਸਾਰ ਦੇ ਇਵੇਂ ਬੈਠੇ,
ਰੱਬ ਆਸਰੇ ਸਮਾਂ ਲੰਘਾ ਰਹੇ ਹਾਂ ।

## ऐतवार (इतवार) (भाग – 2)

गुरूद्वारे जाण दा नित अभ्यास कर लओ,
इह समझ लओ कुझ कमा रहे हां ।
मारो मार करदियां ना धन जुड़दा,
देण वाले नू समझो रिझा रहे हां ।
प्यारे रब्ब ने मेहर कर योग दित्ता,
खाण पीण ते वसतर हंढा रहे हां ।
समां सैर सपाटे लई सदा कढो,
कदे मित्रां सबंधियां वल जा रहे हां ।
खाण पीण ते सेहत दा ख्यिाल रखो,
कम कार लई समां निभा रहे हां ।
हुण तां धन ते सेहत संभाल रखिये,
मूर्ख बणन लई कीरने पा रहे हां ।
समां बहुत है झाखड़ हनेरियां दा,
नाल होशियारी इह लंघा रहे हां ।
संतोख बन्दे संसार दे इवे बैठे,
रब्ब आसरे समा लंघा रहे हां ।

**ਪੁਸਤਕ - ਗੁੱਝੀਆਂ ਰਮਜਾਂ: ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

**ਸਹਿਯੋਗੀ**

ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ

- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

**ਚੰਦੇ ਦਾ ਵੇਰਵਾ**

- ਦੇਸ਼: ਇਕ ਕਾਪੀ : 15 ਰੁਪਏ
- ਦੇਸ਼ ਸਾਲਾਨਾ ਚੰਦਾ : 150 ਰੁਪਏ
- ਜੀਵਨ ਮੈਂਬਰ ਚੰਦਾ: 1500 ਰੁਪਏ
- ਵਿਦੇਸ਼ : ਸਲਾਨਾ ਚੰਦਾ INR1500
- 'ਅੰਮ੍ਰਿਤ ਕੀਰਤਨ' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-

**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**

422, ਸੈਕਟਰ 15-ਏ, ਚੰਡੀਗੜ੍ਹ 160 015

ਫੋਨ : 0172-2772660, 098140 53630

e-mail: drjagirsingh@gmail.com

Website : http://www.amritkirtan.com

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ **ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼** ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ (ਫੋਨ :0172-4782705, 98150-72197) ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

## ਇਸ ਅੰਕ ਵਿਚ

ਐਤਵਾਰ ਭਾਗ-2
ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ ਟਾ-2

ਸੰਪਾਦਕੀ : ਕਰਉ ਬੇਨੰਤੀਆ -
ਸ਼ਹੀਦਾਨਿ - ਵਫਾ 2

ਮੇਰੀ ਸੰਗੀਤ ਯਾਤਰਾ
ਕਰਤਾਰ ਸਿੰਘ (ਪ੍ਰੋ.) 5

ਗੁਰਮਤਿ ਸੰਗੀਤ ਦੇ ਰਚਨਾਕਾਰ ਪ੍ਰੋ. ਤਾਰਾ ਸਿੰਘ
-ਡਾ. ਗੁਰਨਾਮ ਸਿੰਘ 10

ਸਬਦ ਕੀਰਤਨ ਪਰੰਪਰਾ : ਸਿਧਾਂਤ ਤੇ ਵਿਹਾਰ
ਪ੍ਰੋ. ਹਰਭਜਨ ਸਿੰਘ ਧਾਰੀਵਾਲ 12

ਤਿੰਨ ਤਾਲ ਕਾਇਦਾ ਸੀਰੀਜ
ਪ੍ਰੋਫ਼ੈਸਰ ਹਰਭਜਨ ਸਿੰਘ ਧਾਰੀਵਾਲ
(ਲਾਹੌਰ ਬਾਜ ਪੰਜਾਬ ਘਰਾਣਾ) 18

ਸੁਰ ਲਿਪੀ -ਰਾਗੁ ਬਸੰਤ
ਸਰਦਾਰ ਹਰਭਜਨ ਸਿੰਘ ਚੋਪੜਾ 20

ਸੁਰ ਲਿਪੀ ਵਾਲਾ ਸ਼ਬਦ ਅਤੇ ਅਰਥ ਟਾ-3

Donations to **AMRIT KIRTAN TRUST** are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012 and now valid in perpetuity, Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A, Chandigarh-160015. The Donations can be made by Electronic Transfer also. The bank details are : **AMRIT KIRTAN TRUST** Saving Bank A/c No. 65079603302, IFSC : SBIN0018141 in the State Bank of India, Phase 3B2, Mohali Punjab Branch. After such a Deposit, please inform us your Name and Address as also the deposit details to enable us to send you the receipt.

# ਸ਼ਹੀਦਾਨਿ - ਵਫ਼ਾ

ਪਿਛਲੇ ਦਿਨੀਂ ਮੇਰੇ ਛੋਟੇ ਵੀਰ ਡਾਕਟਰ ਗੁਰਨਾਮ ਸਿੰਘ ਹੋਰਾਂ ਨੇ ਆਪਣੀ ਪ੍ਰਤਿਭਾ ਦਾ ਇੱਕ ਨਿਵੇਕਲਾ ਰੰਗ ਦਿਖਾਉਂਦਿਆਂ ਜੋਗੀ ਅਲ੍ਹਾ ਯਾਰ ਖਾਂ ਦੀ ਸ਼ਾਹਕਾਰ ਰਚਨਾ 'ਸ਼ਹੀਦਾਨਿ ਵਫ਼ਾ' ਜੋ ਛੋਟੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਦੇ ਮਹਾਨ ਇਤਿਹਾਸ ਨੂੰ ਬਿਆਨਦੀ ਹੈ, ਦਾ ਗਾਇਨ ਕਰਕੇ ਇੱਕ ਸੰਗੀਤਕ ਫਿਲਮ ਤਿਆਰ ਕੀਤੀ ਹੈ। ਇਸ ਨੂੰ ਸੰਗਤਾਂ ਲਈ ਰਿਲੀਜ਼ ਕਰਨ ਦੇ ਸਮਾਗਮ ਵਿੱਚ ਜਥੇਦਾਰ ਅਕਾਲ ਤਖਤ ਸਾਹਿਬ, ਡਾ ਐਸ ਪੀ ਸਿੰਘ ਸਾਬਕਾ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਡਾ ਜਸਪਾਲ ਸਿੰਘ ਸਾਬਕਾ ਵਾਈਸ ਚਾਂਸਲਰ ਪੰਜਾਬੀ ਯੂਨੀਵਰਸਿਟੀ,ਸ੍. ਬੀਰ ਦਵਿੰਦਰ ਸਿੰਘ ਸਾਬਕਾ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਅਤੇ ਪੰਥ ਦੀਆਂ ਹੋਰ ਉਘੀਆਂ ਸ਼ਖਸੀਅਤਾਂ ਸ਼ਾਮਲ ਹੋਈਆਂ। ਮੈਂ ਆਪਣੀ ਸਰੀਰਕ ਮਜਬੂਰੀ ਕਾਰਨ ਅਤੇ ਆਪਣੇ ਸਫਰ ਕਰਨ ਦੇ ਫੋਬੀਆ ਕਾਰਨ ਇਸ ਮਾਣਮੱਤੇ ਸਮਾਗਮ ਵਿੱਚ ਸ਼ਾਮਲ ਨਹੀਂ ਸੀ ਹੋ ਸਕਿਆ।ਇਸ ਸਮਾਗਮ ਦੀ ਵੀਡੀਓ ਰਿਕਾਰਡਿੰਗ ਕਈ ਵਾਰ ਸੁਣੀ। ਇਸ ਵਿੱਚ ਸਾਰੇ ਹੀ ਬੁਲਾਰਿਆਂ ਨੇ ਅਲ੍ਹਾ ਯਾਰ ਖਾਂ ਜੋਗੀ ਨੂੰ ਬਹੁਤ ਸ਼ਰਧਾ ਨਾਲ ਯਾਦ ਕੀਤਾ ਅਤੇ ਇਸ ਫਿਲਮ ਦੀ ਭਰਪੂਰ ਸ਼ਲਾਘਾ ਕੀਤੀ।

ਜੋਗੀ ਅਲ੍ਹਾ ਯਾਰ ਖਾਂ ਦੀ ਸ਼ਾਇਰੀ ਨਾਲ ਮੇਰਾ ਵੀ ਪੁਰਾਣਾ ਵਾਸਤਾ ਹੈ।ਦਸਵੀਂ ਪਾਸ ਕਰਨ ਤੋਂ ਬਾਦ ਮੈਂ ਜਦੋ ਫਤਹਿ ਗੜ੍ਹ ਸਾਹਿਬ ਵਿਖੇ ਆ ਗਿਆ ਸਾਂ, ਤਾਂ ਮੈਂ ਕੁਝ ਸਮਾਂ ਬਸੀ ਪਠਾਣਾ ਦੇ ਰਾਗੀ ਗਿਆਨੀ ਪ੍ਰਤਾਪ ਸਿੰਘ ਨਾਲ ਬਤੌਰ ਸਹਾਇਕ ਰਾਗੀ ਕੀਰਤਨ ਕਰਦਾ ਰਿਹਾ ਹਾਂ।ਗਿਆਨੀ ਪ੍ਰਤਾਪ ਸਿੰਘ ਜੀ ਆਮ ਗੱਲ ਬਾਤ ਕਰਦਿਆਂ ਬਹੁਤ ਹਕਲਾਉਂਦੇ ਸਨ ਪਰ ਕੀਰਤਨ ਕਰਦਿਆਂ ਉਹ ਬਿਲਕੁਲ ਨਹੀਂ ਸੀ ਹਕਲਾਉਂਦੇ। ਕੀਰਤਨ ਵਿੱਚ ਵਿਆਖਿਆ ਉਹ ਕਮਾਲ ਦੀ ਕਰਦੇ ਸਨ।ਉਹਨਾਂ ਨਾਲ ਮੈਂ ਮਲੇਰ ਕੋਟਲਾ,ਸੰਗਰੂਰ,ਜੋਧਪੁਰ, ਜੈ ਪੁਰ, ਮੁਰਾਦਾਬਾਦ ਅਸਥਾਨਾਂ ਤੇ ਕੀਰਤਨ ਕਰਨ ਗਿਆ।ਉਹਨਾਂ ਨਾਲ ਹੀ ਸੰਤ ਭੂਰੀ ਵਾਲਿਆਂ ਵੱਲੋਂ ਕਾਰ ਸੇਵਾ ਲਈ ਮਾਇਆ ਇਕੱਤਰ ਕਰਨ ਹਿੱਤ ਕਸ਼ਮੀਰ ਦਾ ਟੂਰ ਵੀ ਕੀਤਾ। ਸਾਡੇ ਨਾਲ ਉਦੋਂ ਖੰਨੇ ਦੇ ਨੇੜਲੇ ਪਿੰਡ ਰਾਜੇਵਾਲ ਰੋਹਣੋ ਦੇ ਭਾਈ ਗੁਰਦੇਵ ਸਿੰਘ ਤਬਲਾ ਵਜਾਉਂਦੇ ਸਨ।

ਗਿਆਨੀ ਪ੍ਰਤਾਪ ਸਿੰਘ ਜੀ ਆਪਣੇ ਕੀਰਤਨ ਵਿੱਚ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਪ੍ਰਸੰਗ ਕਮਾਲ ਦੇ ਤਰੀਕੇ ਨਾਲ ਸੁਣਾਉਂਦੇ ਸਨ।ਉਹ ਕਈ ਵਾਰ ਸੰਗਤ ਨੂੰ ਪਹਿਲਾਂ ਹੀ ਕਹਿ ਦਿੰਦੇ ਸਨ ਕਿ ਆਪਣੇ ਰੁਮਾਲ ਕੱਢ ਲਵੋ ਅੱਜ ਆਪਾਂ ਬਹੁਤ ਵੈਰਾਗ ਵਿੱਚ ਆ ਜਾਣਾ ਹੈ।ਸਾਹਿਬਜ਼ਾਦਿਆਂ ਦੀ ਸ਼ਹੀਦੀ ਬਿਆਨ ਕਰਦਿਆਂ ਉਹ ਯੋਗੀ ਅਲਾ ਯਾਰ ਖਾਂ ਦੀ ਸ਼ਾਇਰੀ ਸੁਣਾਉਂਦਿਆਂ ਆਪ ਵੀ ਰੋਣ ਲੱਗਦੇ ਅਤੇ ਸੰਗਤਾਂ ਵੀ ਹੰਝੂ ਵਗਾਉਣ ਲਗਦੀਆਂ।ਉਹਨਾਂ ਵੱਲੋਂ ਸੁਣਾਏ ਜਾਂਦੇ ਕੁਝ ਬੰਦ ਅਜੇ ਵੀ ਮੇਰੇ ਚੇਤੇ ਵਿੱਚ ਵੱਸੇ ਹੋਏ ਹਨ।ਛੋਟੇ ਸਾਹਿਜ਼ਾਦਿਆਂ ਦਾ ਪ੍ਰਸੰਗ ਸੁਣਾਉਂਦਿਆਂ ਉਹ ਜੋਗੀ ਜੀ ਦੀਆਂ ਇਹ ਸਤਰਾਂ ਗਾਉਂਦੇ-

ਠੋਡੀ ਤਕ ਈਂਟੇਂ ਚੁਨ ਦੀ ਗਈਂ ਮੂੰਹ ਤਕ ਆ ਗਈਂ।

ਬੀਨੀ ਕੋ ਢਾਂਪਤੇ ਹੀ ਵੁਹ ਆਖੋਂ ਪੇ ਛਾ ਗਈਂ।
ਅਰ ਚਾਂਦ ਸੀ ਜਬੀਨ ਕੋ ਘਨ ਸਾ ਲਗਾ ਗਈਂ।
ਲਖਤੇ ਜ਼ਿਗਰ ਗੁਰੂ ਕੇ ਵੁਹ ਦੋਨੋਂ ਛੁਪਾ ਗਈਂ।

ਜੋਗੀ ਜੀ ਇਸ ਕੇ ਬਾਅਦ ਹੁਈ ਥੋੜੀ ਦੇਰ ਥੀ।
ਬਸਤੀ ਸਰਹਿੰਦ ਸ਼ਹਿਰ ਕੀ ਈਂਟੋਂ ਕਾ ਢੇਰ ਥੀ।

ਸਾਹਿਬਜ਼ਾਦਾ ਅਜੀਤ ਸਿੰਘ ਦੀ ਬਹਾਦਰੀ ਬਾਰੇ ਗੁਰੂ ਜੀ ਆਖਦੇ ਹਨ-

ਸ਼ਾਬਾਸ਼ ਪਿਸਰ ਖ਼ੂਬ ਦਲੇਰੀ ਸੇ ਲੜੇ ਹੋ।
ਹਾਂ ਕਿਉਂ ਨਾ ਹੋ ਗੋਬਿੰਦ ਦੇ ਫਰਜ਼ੰਦ ਬੜੇ ਹੋ।----

ਸਾਹਿਬਜ਼ਾਦਾ ਜੁਝਾਰ ਸਿੰਘ ਨੂੰ ਜੰਗ ਵਿੱਚ ਤੋਰਦਿਆਂ ਗੁਰੂ ਜੀ ਨੇ ਕਿਹਾ-

ਲੋ ਜਾਓ ਸਿਧਾਰੋ ਤੁਮੇਂ ਕਰਤਾਰ ਕੋ ਸੌਂਪਾ।
ਮਰ ਜਾਓ ਯਾ ਮਾਰੋ ਤੁਮੇ ਕਰਤਾਰ ਕੋ ਸੌਂਪਾ।
ਬੇਟਾ ਹੋ ਤੁਮ ਹੀ ਪੰਥ ਕੇ ਬੇੜੇ ਕੇ ਖਵੱਯਾ।
ਸਰ ਭੇਟ ਕਰੋ ਤਾਕਿ ਧਰਮ ਕੀ ਚਲੇ ਨਯਾ।

ਗੁਰੂ ਜੀ ਦੇ ਭਾਣਾ ਮੰਨਣ ਦੀ ਅਵਸਥਾ ਨੂੰ ਬਿਆਨ ਕਰਦਿਆਂ ਜੋਗੀ ਜੀ ਲਿਖਦੇ ਹਨ-

ਜਬ ਡੇਢ ਘੜੀ ਰਾਤ ਗਈ ਜ਼ਿਕਰਿ-ਖ਼ੁਦਾ ਮੇ।
ਖ਼ੈਮੇ ਸੇ ਨਿਕਲ ਆਏ ਸ੍ਰਕਾਰ ਹਵਾ ਮੇ।
ਕਦਮੋਂ ਸੇ ਟਹਿਲਤੇ ਥੇ ਮਗਰ ਦਿਲ ਥਾ ਦੂਆ ਮੇਂ।
ਬੋਲੇ,ਐ ਖੁਦਾਵੰਦ ਹੂੰ ਖੁਸ਼ ਤੇਰੀ ਰਜ਼ਾ ਮੇ।
ਕਰਤਾਰ ਸੇ ਕਹਿਤੇ ਥੇ ਗੋਯਾ ਰੂ ਬ ਰੂ ਹੋ ਕਰ।
ਕੱਲ ਜਾਊਂਗਾ ਚਮਕੌਰ ਸੇ ਮੈਂ ਸੁਰਖਰੂ ਹੋ ਕਰ।

ਬਾਅਦ ਵਿੱਚ ਜਦੋਂ ਮੈਂ ਇਸ ਰਚਨਾ ਨੂੰ ਪੜ੍ਹਿਆ ਤਾਂ ਮੈਨੂੰ ਜਾਪਿਆ ਅਲਾਯਾਰ ਨੇ ਜਿਸ ਸ਼ਿੱਦਤ ਨਾਲ ਆਪਣੀ ਰਚਨਾ ਵਿੱਚ ਗੁਰੂ ਗੋਬਿੰਦ ਸਿੰਘ ਜੀ, ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀਆਂ ਮਨੋਸਥਿਤੀਆਂ ਨੂੰ ਆਧਾਰ ਬਣਾ ਕੇ ਖ਼ੂਬਸੂਰਤ ਸ਼ਾਇਰੀ ਦੀ ਰਚਨਾ ਕੀਤੀ ਹੈ, ਇਸ ਨੂੰ ਪੜ੍ਹ ਕੇ ਅਸੀਂ ਕੀਲੇ ਜਾਂਦੇ ਹਾਂ।ਗੁਰੂ ਜੀ ਬਾਰੇ ਉਸ ਦੀ ਅਟੁੱਟ ਸ਼ਰਧਾ ਦੇ ਬੰਦ ਕਮਾਲ ਦੇ ਹਨ-

ਇਨਸਾਫ ਕਰੇ ਜੀ ਮੇ ਜ਼ਮਾਨਾ ਤੋ ਯਕੀਂ ਹੈ।
ਕਹਿ ਦੇ ਗੁਰੂ ਗੋਬਿੰਦ ਕਾ ਸਾਨੀ ਹੀ ਨਹੀਂ ਹੈ।
ਕਰਤਾਰ ਕੀ ਸੁਗੰਦ ਹੈ ਨਾਨਕ ਕੀ ਕਸਮ ਹੈ।
ਜਿਤਨੀ ਭੀ ਹੋ ਗੋਬਿੰਦ ਕੀ ਤਾੱਰੀਫ ਵੁਹ ਕਮ ਹੈ।

ਜੋਗੀ ਅਲ੍ਹਾ ਯਾਰ ਖਾਂ ਗੁਰੂ ਨਾਨਕ ਦੇਵ ਜੀ ਦੇ ਸਿਧਾਂਤ ਨੂੰ ਪੂਰੀ ਤਰਾਂ ਆਤਮਸਾਤ ਕਰ ਚੁਕਾ ਸੀ। ਜਦੋਂ ਉਹ ਆਖਦਾ ਹੈ–

ਹਿੰਦੂ ਹੈਂ ਸਭ ਅੱਛੇ, ਨਾ ਮੁਸਲਮਾਨ ਅੱਛੇ।
ਦਿਲ ਨੇਕ ਹੋਂ ਜਿਨ ਕੇ ਵੁਹੀ ਇਨਸਾਨ ਹੈਂ ਅੱਛੇ।
ਇਸ ਤੋਂ ਜਾਪਦਾ ਹੈ ਕਿ ਉਸ ਨੇ ਭਾਈ ਗੁਰਦਾਸ ਜੀ ਦੀ ਇਸ ਕਥਨ ਨੂੰ ਜ਼ਰੂਰ ਵਾਚਿਆ ਹੋਵੇਗਾ–
ਪੁਛਨ ਖੋਹਲ ਕਿਤਾਬ ਨੂੰ ਹਿੰਦੂ ਵਡਾ ਕਿ ਮੁਸਲਮਨੋਈ।
ਬਾਬਾ ਆਖੇ ਹਾਜੀਆਂ ਸ਼ੁਭ ਅਮਲਾਂ ਬਾਝੋ ਦੋਨੋ ਰੋਈ।

ਮੈਨੂੰ ਇਹ ਰਚਨਾ ਟੈਗੋਰ,ਇਕਬਾਲ ਜਾਂ ਸਵਾਮੀ ਵਿਵੇਕਾਨੰਦ ਦੀਆਂ ਸਿੱਖ ਧਰਮ ਬਾਰੇ ਕੀਤੀਆਂ ਰਚਨਾਵਾਂ ਨਾਲੋਂ ਵੀ ਵਧ ਸ਼ਕਤੀਸ਼ਾਲੀ ਜਾਪਦੀ ਹੈ।ਇਸ ਰਚਨਾਂ ਦਾ ਅਨੁਵਾਦ ਪੰਜਾਬੀ ਅਤੇ ਹਿੰਦੀ ਵਿੱਚ ਵੀ ਕਰਕੇ ਪੜ੍ਹਿਆ ਸੁਣਿਆਂ ਜਾਵੇ ਤਾਂ ਵੀ ਇਹ ਬਹੁਤ ਪ੍ਰਭਾਵਸ਼ਾਲੀ ਹੋ ਸਕਦਾ ਹੈ।

ਡਾਕਟਰ ਗੁਰਨਾਮ ਸਿੰਘ ਦਾ ਇਹ ਪ੍ਰਾਜੈਕਟ ਇੱਕ ਨਿਵੇਕਲਾ ਜਤਨ ਹੈ।ਪੰਥ ਪ੍ਰਵਾਨਿਤ ਸਿੱਖ ਇਤਿਹਾਸ ਨਾਲ ਸਬੰਧਤ ਇਸ ਰਚਨਾ ਨੂੰ ਗਾਇਨ ਕਰਕੇ ਤਿਆਰ ਕੀਤੀ ਇਹ ਫਿਲਮ ਅਜੋਕੀ ਪੀੜ੍ਹੀ ਨੂੰ ਨਿਸਚੇ ਹੀ ਆਪਣੇ ਵਿਰਸੇ ਨੂੰ ਸਮਝਣ ਅਤੇ ਮਹਿਸੂਸ ਕਰਨ ਵਿੱਚ ਭਰਪੂਰ ਯੋਗਦਾਨ ਪਾਵੇਗੀ।ਇਸ ਲਈ ਮੈਂ ਵਾਹਿਗੁਰੂ ਜੀ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਡਾਕਟਰ ਗੁਰਨਾਮ ਸਿੰਘ ਅਤੇ ਉਹਨਾਂ ਦੀ ਪੂਰੀ ਟੀਮ ਨੂੰ ਇਹ ਪ੍ਰਾਜੈਕਟ ਸੰਪੂਰਨ ਕਰਨ ਦਾ ਬਲ ਬਖਸ਼ਿਆ।

ਭੁੱਲ ਚੁੱਕ ਖਿਮਾ

# ਮੇਰੀ ਸੰਗੀਤ ਯਾਤਰਾ

**ਕਰਤਾਰ ਸਿੰਘ (ਪ੍ਰੋ.)**

ਗੁਰਮਤਿ ਸੰਗੀਤ ਦਾ ਅਨਮੋਲ ਖ਼ਜ਼ਾਨਾ ਸਾਨੂੰ ਵਿਰਸੇ ਵਿੱਚ ਮਿਲਿਆ ਹੈ ਪਰ ਅਸੀਂ ਇਸ ਦੀ ਸੰਭਾਲ ਨਹੀਂ ਕਰ ਸਕੇ। ਕੀਰਤਨ ਕਲਾ ਪੱਖੋਂ ਅਸੀਂ ਅਤਿ ਗਰੀਬ ਹੋ ਗਏ ਹਾਂ। ਸਾਡੇ ਮਹਾਨ ਕੀਰਤਨ ਦਰਬਾਰਾਂ ਵਿੱਚ ਵਿਲੰਭਿਤ ਲੈਅ ਵਿੱਚ ਮੰਗਲਾਚਰਣ ਤੇ ਵਿਲੰਭਿਤ ਬੰਦਸ਼ਾਂ ਦਾ ਗਾਇਣ ਅਲੋਪ ਹੋ ਗਿਆ ਹੈ। ਕਿਤੇ ਤੀਨ ਤਾਲ ਵਿੱਚ ਇੱਕ ਸ਼ਬਦ ੪-੫ ਮਿੰਟ ਦਾ ਗਾਇਣ ਫਿਰ ਕਹਿਰਵਾ, ਦਾਦਰਾ ਤਾਲਾਂ ਵਿੱਚ ਭੈਰਵੀ, ਪਹਾੜੀ, ਸ਼ਿਵਰੰਜਨੀ, ਕਲਾਵਤੀ ਰਾਗਾਂ ਵਿੱਚ ਸ਼ਬਦ ਗਾਇਣ ਹੀ ਅੱਜ ਗੁਰਮਤਿ ਸੰਗੀਤ ਦਾ ਸਰੂਪ ਬਣ ਗਿਆ ਹੈ ਜਾਂ ਰਾਗਦਾਰੀ ਨੂੰ ਮੁੱਖ ਰੱਖ ਕੇ ਤਾਨਾਂ ਤੇ ਸਰਗਮਾਂ ਦੇ ਅਧਿਕ ਪ੍ਰਯੋਗ ਦੁਆਰਾ ਸਰੋਤਿਆਂ ਨੂੰ ਬਾਣੀ ਦੇ ਰਸ ਤੋਂ ਵੰਚਿਤ ਕੀਤਾ ਜਾ ਰਿਹਾ ਹੈ। ਮਹਾਨ ਅਸਥਾਨਾਂ 'ਤੇ ਵੀ ਕੀਰਤਨ ਫ਼ਿਲਮੀ ਤਰਜ਼ਾਂ, ਲੋਕ ਧੁਨਾਂ, ਮਸ਼ਹੂਰ ਗਾਇਕਾਂ ਦੇ ਗਾਏ ਲੋਕ ਗੀਤਾਂ ਤੇ ਗ਼ਜ਼ਲਾਂ ਦੀਆਂ ਤਰਜ਼ਾਂ ਅਨੁਸਾਰ ਸ਼ਬਦਾਂ ਦਾ ਗਾਇਣ ਹੀ ਕੀਰਤਨ ਦਾ ਰੂਪ ਧਾਰ ਗਿਆ ਹੈ। ਜਦੋਂ ਕੋਈ ਵਸਤੂ ਨਿਯਮਤ ਰੂਪ ਵਿੱਚ ਚਲ ਰਹੀ ਹੈ ਤਾਂ ਉਸਦਾ ਅਸਲ ਰੂਪ ਤੇ ਮਾਨ ਮਰਿਯਾਦਾ ਕਾਇਮ ਰਹਿੰਦੀ ਹੈ, ਪਰ ਅਨਿਯਮਤ ਤੇ ਮਰਿਯਾਦਾ-ਰਹਿਤ ਹੋਣ ਨਾਲ ਉਸ ਦਾ ਵਿਗੜਿਆ ਹੋਇਆ ਰੂਪ ਅਸਲ ਰੂਪ ਨੂੰ ਧੁੰਦਲਾ ਹੀ ਨਹੀਂ ਸਗੋਂ ਅਣਹੋਂਦ ਵਿੱਚ ਬਦਲ ਦਿੰਦਾ ਹੈ। ਸਮੇਂ ਦੇ ਪਰਿਵਰਤਨ ਨਾਲ ਭਾਵੇਂ ਕੁਝ ਕੁ ਤਬਦੀਲੀਆਂ ਆਉਂਦੀਆਂ ਹੀ ਹਨ ਪਰ ਮੁਢਲੇ ਸਿੱਧਾਂਤ ਤਾਂ ਕਾਇਮ ਹੀ ਰਹਿੰਦੇ ਹਨ।

ਸਿੱਧਾਂਤਕ ਤੌਰ ਤੇ ਰਾਗ ਆਧਾਰਿਤ ਬਾਣੀ ਦਾ ਗਾਇਣ ਹੀ ਕੀਰਤਨ ਦਾ ਅਸਲ ਰੂਪ ਹੈ ਤੇ ਅਕਾਲ ਪੁਰਖ ਨਾਲ ਜੁੜਨ ਅਤੇ ਉਸ ਦੀਆਂ ਬਖ਼ਸ਼ਿਸ਼ਾਂ ਪ੍ਰਾਪਤ ਕਰਨ ਲਈ 'ਸਿਰਿ ਕਰਮਨ ਕੇ ਕਰਮਾ' ਹੈ। ਗੁਰੂ ਜੀ ਨੇ ਗੁਰਮਤਿ ਸੰਗੀਤ ਦੀ ਜੋਤ ਨੂੰ ਸਦਾ ਜਗਾਈ ਰੱਖਣ ਦੀ ਬਾਤ ਮੈਨੂੰ ਦ੍ਰਿੜ ਕਰਾ ਦਿੱਤੀ ਅਤੇ ਮੈਂ ਅਜਾਨ 'ਹਉ ਮੂਰਖ ਕਾਰੇ ਲਾਇਆ' ਨੂੰ ਸ਼ਬਦ ਦੇ ਨਿਰਧਾਰਤ ਸਰੂਪ, ਕ੍ਰਿਆਤਮਕ ਤੇ ਲਿਖਤੀ ਰੂਪ ਵਿੱਚ ਸੰਗੀਤ ਪ੍ਰੇਮੀਆਂ ਤੇ ਕੀਰਤਨ ਅਭਿਲਾਸ਼ੀਆਂ ਵਿੱਚ ਵੰਡ ਵੰਡਾਈਆਂ ਦੀ ਕਾਰ ਸੌਂਪ ਦਿੱਤੀ ਜਿਸ ਨੂੰ ਮੈਂ 'ਫੁਰਮਾਨੁ ਤੇਰਾ ਸਿਰੇ ਊਪਰਿ' ਜਾਣ ਕੇ ਉਸਦੀ ਬਖਸ਼ੀ ਬਲ-ਬੁੱਧ ਨੂੰ ਰਹਿਮਤ ਜਾਣਿਆ ਤੇ ਮੇਰੇ ਤੋਂ ਇਹ ਨਿਮਾਣਾ ਜਿਹਾ ਜਤਨ ਉਸ ਨੇ ਆਪ ਕਰਵਾਇਆ। ਮੇਰੀ ਪਹਿਲੀ ਪੁਸਤਕ 'ਗੁਰਬਾਣੀ ਸੰਗੀਤ ਦਰਪਣ' ੨੪ ਰਾਗਾਂ ਦੀਆਂ ੧੬੨ ਸ਼ਬਦ-ਬੰਦਸ਼ਾਂ ਦਾ ਸੰਗ੍ਰਹਿ ਹੈ ਤੇ ਧਰਮ ਪ੍ਰਚਾਰ ਕਮੇਟੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਨੇ ੧੯੯੬, ੧੯੯੭, ੨੦੦੦ ਤੇ ਫਰਵਰੀ ੨੦੦੨ ਵਿੱਚ ਇਸ ਦੀ ਚੌਥੀ ਛਾਪ ਛਾਪੀ ਹੈ। ਮੇਰੀ ਇਸ ਛੋਟੀ ਜਿਹੀ ਕਿਰਤ ਨੂੰ ਸੰਗੀਤ ਤੇ ਕੀਰਤਨ ਪ੍ਰੇਮੀਆਂ ਨੇ ਵਿਸ਼ਾਲਤਾ ਨਾਲ ਸਵੀਕਾਰਿਆ ਹੈ। ਸੋ ਇਸ ਲੜੀ ਨੂੰ ਅੱਗੇ ਤੋਰਨ ਲਈ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ੩੧ ਮੁੱਖ ਰਾਗਾਂ ਦੀ ਜਾਣਕਾਰੀ ਤੇ ਉਹਨਾਂ ਦੀਆਂ ਬੰਦਸ਼ਾਂ ਨੂੰ ਲਿਪੀ-ਬੱਧ ਕਰਨ ਦੀ ਕਾਫ਼ੀ ਸਮੇਂ ਤੋ. ਲੋੜ ਮਹਿਸੂਸ ਕਰਦਾ ਸਾਂ। ਪਿਛਲੇ ਤਕਰੀਬਨ 15 ਸਾਲਾਂ ਦੇ ਨਿਰੰਤਰ ਯਤਨ ਦੇ ਫਲਸਰੂਪ ਬੰਦਸ਼ਾਂ ਦਾ ਇਹ ਸੰਗ੍ਰਹਿ ਜੋ ਮੇਰੀ ਸੰਗੀਤ ਯਾਤਰਾ ਦਾ ਇਕ ਦ੍ਰਿੜ੍ਹ ਸੰਕਲਪ ਸੀ, 'ਗੁਰਮਤਿ ਸੰਗੀਤ ਦਰਪਣ' ਦੇ ਰੂਪ ਵਿੱਚ ਗੁਰੂ ਕਿਰਪਾ ਦੁਆਰਾ ਸਿਰੇ ਚੜ੍ਹ ਸਕਿਆ ਹੈ।

ਮੇਰੀ ਸੰਗੀਤ ਯਾਤਰਾ ੧੯੪੧ ਤੋਂ ਆਰੰਭ ਹੋਈ ਜਦੋਂ ਮੈਨੂੰ ਜ਼ਿਲ੍ਹਾ ਲਾਹੌਰ ਦੇ ਇੱਕ ਕਸਬੇ ਭਾਈ ਫੇਰੂ (ਪਾਕਿਸਤਾਨ) ਵਿੱਚ ਸਕੂਲ ਵਿੱਚ ਪੜ੍ਹਦਿਆਂ ਕੀਰਤਨ ਸੁਣਨ ਦੀ ਚੇਟਕ ਲੱਗ ਗਈ ਤੇ ਉਥੇ ਹੀ ਪੰਡਿਤ ਨੱਥੂ ਰਾਮ ਜੀ (ਤਰਨਤਾਰਨ ਟਕਸਾਲ) ਤੇ ਸੰਤ ਹੀਰਾ ਸਿੰਘ ਜੀ ਲੁਲਿਆਨੀ ਵਾਲਿਆਂ ਦੇ ਸ਼ਾਗਿਰਦ ਗਿਆਨੀ ਗੁਰਚਰਨ ਸਿੰਘ ਜੀ ਜੋ

ਅੱਜਕਲ੍ਹ ਕੈਨੇਡਾ ਹਨ, ਉਨ੍ਹਾਂ ਤੋਂ ਕੀਰਤਨ ਸਿੱਖਿਆ ਆਰੰਭ ਹੋ ਗਈ ਜੋ ਤਕਰੀਬਨ ਤਿੰਨ ਸਾਲ ਚਲਦੀ ਰਹੀ। ਫਿਰ ਭਾਈ ਸੁੰਦਰ ਸਿੰਘ ਕਸੂਰ ਵਾਲੇ ਜੋ ਉਸਤਾਦ ਜੀ ਦੇ ਗੁਰਭਾਈ ਸਨ ਤੇ ਫਿਰ ਭਾਈ ਦਲੀਪ ਸਿੰਘ ਜੀ ਗਾਇਣ ਅਚਾਰੀਆ (ਅਲਮਸਤ ਜੀ ਦੇ ਸ਼ਾਗਿਰਦ) ਪਾਸੋਂ ਇੱਕ ਸਾਲ ਸਿੱਖਿਆ ਪ੍ਰਾਪਤ ਕੀਤੀ। ਫਿਰ ਭਾਈ ਪੂਰਨ ਸਿੰਘ ਜੀ (ਤਰਨਤਾਰਨ), ਭਾਈ ਅਮੋਲਕ ਸਿੰਘ ਜੀ (ਲਾਹੌਰ) ਤੇ ਤਕਰੀਬਨ ਇੱਕ ਸਾਲ ਭਾਈ ਚਾਂਦ ਦੇ ਸ਼ਾਗਿਰਦ ਭਾਈ ਕਰਮਾ ਜੋ ਬਾਬਾ ਸਰਬਜੋਤ ਸਿੰਘ ਜੀ ਬੇਦੀ ਦੇ ਦਾਦਾ ਜੀ ਟਿੱਕਾ ਬਾਬਾ ਦੇਵਿੰਦਰ ਸਿੰਘ ਜੀ ਦੇ ਹਜ਼ੂਰੀ ਰਾਗੀ ਸਨ, ਉਹਨਾਂ ਨਾਲ ਸੰਗਤ ਕੀਤੀ। ਸੰਗਤ ਵਿੱਚ ਕੀਰਤਨ ਦੀ ਸੇਵਾ ਦੀ ਸ਼ੁਰੂਆਤ ੧੯੪੫ ਵਿੱਚ ਗੁ. ਸਿੰਘ ਸਭਾ ਮੰਡੀ ਰੀਨਾਲਾ ਖ਼ੁਰਦ (ਜ਼ਿਲ੍ਹਾ ਮਿੰਟਗੁਮਰੀ) ਤੋਂ ਹੋਈ ਜੋ ਤਕਰੀਬਨ ਇੱਕ ਸਾਲ ਚਲਦੀ ਰਹੀ ਤੇ ਫਿਰ ੧੯੪੬ ਵਿਚ ਕਰੀਬਨ ਇੱਕ ਸਾਲ ਗੁ. ਸਿੰਘ ਸਭਾ ਗੁਜਰਾਂਵਾਲਾ ਵਿਖੇ ਕੀਰਤਨ ਸੇਵਾ ਨਿਭਾਈ। ਦੇਸ਼ ਦੀ ਵੰਡ ਤੋਂ ਬਾਅਦ ਤਿੰਨ ਕੁ ਸਾਲ ਗੁ. ਮੰਜੀ ਸਾਹਿਬ ਕਰਨਾਲ, ਡੇਢ ਕੁ ਸਾਲ ਦੁਆਬਾ ਸਿੰਘ ਸਭਾ, ਜਲੰਧਰ, ਸਾਢੇ ਤਿੰਨ ਸਾਲ ਗੁ. ਮਾਡਲ ਟਾਊਨ ਲੁਧਿਆਣਾ ਸਾਢੇ ਤਿੰਨ ਸਾਲ ਗੁ. ਕਲਗੀਧਰ ਸਿੰਘ ਸਭਾ ਤੇ ਢਾਈ ਸਾਲ ਗੁ. ਮਾਡਲ ਟਾਊਨ ਲੁਧਿਆਣਾ ਕੀਰਤਨ ਸੇਵਾ ਚਲਦੀ ਰਹੀ ਜਿੱਥੇ ਕੀਰਤਨ ਰਸ ਵਿੱਚ ਸਦੈਵ ਗੜੂੰਦ ਰਹਿਣ ਵਾਲੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਕੀਰਤਨ ਸੁਣਦੇ ਤੇ ਅਸੀਸਾਂ ਬਖ਼ਸ਼ਦੇ ਰਹਿੰਦੇ।

ਸੰਗੀਤ ਸਿੱਖਿਆ ਤੇ ਗੁਰ ਅਸਥਾਨਾਂ 'ਤੇ ਕੀਰਤਨ ਸੇਵਾ ਦੀ ਇਹ ਸੰਗੀਤ ਯਾਤਰਾ 20 ਕੁ ਸਾਲ ਚਲਦੀ ਰਹੀ। ਗੁਰਪੁਰਬਾਂ ਤੇ ਹੋਰ ਕੀਰਤਨ ਸਮਾਗਮਾਂ ਸਮੇਂ ਨਾਮੀ ਤੇ ਸੂਝਵਾਨ ਰਬਾਬੀ ਤੇ ਰਾਗੀ ਸਿੰਘਾਂ ਨੂੰ ਸੁਣਨ ਦੇ ਅਵਸਰ ਪ੍ਰਾਪਤ ਹੁੰਦੇ ਰਹਿੰਦੇ। ਰਬਾਬੀਆਂ ਵਿਚੋਂ ਅੰਮ੍ਰਿਤਸਰ ਦੇ ਭਾਈ ਸੁੰਦਰ, ਭਾਈ ਚਾਂਦ, ਭਾਈ ਦੇਸਾ, ਭਾਈ ਸਾਂਈਂ, ਭਾਈ ਕਰਮਾ, ਭਾਈ ਮੁਖਤਿਆਰ (ਪੰਜਾ ਸਾਹਿਬ), ਭਾਈ ਮੰਗਲ (ਭਾਈ ਫੇਰੂ), ਰਬਾਬੀਆਂ ਤੋਂ ਸਿੰਘ ਸਜੇ ਰਾਗੀਆਂ ਦੀ ਸ਼੍ਰੇਣੀ ਵਿੱਚੋਂ ਨਨਕਾਣਾ ਸਾਹਿਬ ਦੇ ਭਾਈ ਗੁਰਮੁਖ ਸਿੰਘ ਫੱਕਰ, ਭਾਈ ਸਰਮੁਖ ਸਿੰਘ, ਭਾਈ ਪਿਆਰਾ ਸਿੰਘ, ਭਾਈ ਜਗਤ ਸਿੰਘ, ਭਾਈ ਪਾਲ ਸਿੰਘ ਭਾਈ ਜਸਵੰਤ ਸਿੰਘ, ਭਾਈ ਮੇਹਰ ਸਿੰਘ ਤਾਨ (ਗੁਜਰਾਂਵਾਲਾ), ਭਾਈ ਧਰਮ ਸਿੰਘ ਜ਼ਖ਼ਮੀ, ਭਾਈ ਸ਼ਮਸ਼ੇਰ ਸਿੰਘ, ਭਾਈ ਫੁੰਮਣ ਸਿੰਘ (ਆਦਮਪੁਰ), ਤੇ ਰਾਗੀ ਸਿੰਘਾਂ ਵਿਚੋਂ ਭਾਈ ਸਮੁੰਦ ਸਿੰਘ, ਭਾਈ ਸੰਤਾ ਸਿੰਘ, ਭਾਈ ਸੰਤਾ ਸਿੰਘ ਕੰਵਲ, ਗਿਆਨੀ ਗਿਆਨ ਸਿੰਘ ਅਲਮਸਤ, ਸੰਤ ਸੁਜਾਨ ਸਿੰਘ, ਸੰਤ ਬਹਾਦਰ ਸਿੰਘ, ਭਾਈ ਪਿਆਰਾ ਸਿੰਘ (ਡੇਹਰਾ ਸਾਹਿਬ), ਪ੍ਰੋ. ਚਤਰ ਸਿੰਘ ਭਾਈ ਮੁਨਸ਼ਾ ਸਿੰਘ (ਲਾਹੌਰ), ਮਾ. ਵਰਿਆਮ ਸਿੰਘ (ਗੁਜਰਾਂਵਾਲਾ), ਭਾਈ ਨਰਿੰਦਰ ਸਿੰਘ ਗੱਟੂ, ਭਾਈ ਗੁਰਮੁਖ ਸਿੰਘ (ਸੂਰਮਾ), ਭਾਈ ਮਹਿਤਾਬ ਸਿੰਘ (ਪੰਜਾ ਸਾਹਿਬ), ਭਾਈ ਦਵਿੰਦਰ ਸਿੰਘ (ਗੁਰਦਾਸਪੁਰ), ਭਾਈ ਅਵਤਾਰ ਸਿੰਘ ਗੁਰਚਰਨ ਸਿੰਘ, ਪ੍ਰੋ. ਹਰਚੰਦ ਸਿੰਘ, ਭਾਈ ਪ੍ਰਤਾਪ ਸਿੰਘ ਦਿੱਲੀ, ਸ. ਗਿਆਨ ਸਿੰਘ ਐਬਟਾਬਾਦ, ਭਾਈ ਬਲਬੀਰ ਸਿੰਘ ਤੇ ਹੋਰ ਵੀ ਐਸੇ ਗੁਣੀ ਪੁਰਸ਼ਾਂ ਦੇ ਕੀਰਤਨ ਸੁਣਨ ਦੇ ਮੌਕੇ ਬਣਦੇ ਰਹੇ, ਜਿਨ੍ਹਾਂ ਗੁਰਮਤਿ ਸੰਗੀਤ ਦੇ ਰਾਗ-ਆਧਾਰਿਤ ਕੀਰਤਨ ਸਰੂਪ ਨੂੰ ਆਪਣੇ ਆਪਣੇ ਢੰਗ ਨਾਲ ਜੀਵਤ ਰੱਖਿਆ। ਹਰ ਫੁੱਲ ਦੀ ਆਪਣੀ-ਆਪਣੀ ਖ਼ੁਸ਼ਬੂ ਹੁੰਦੀ ਹੈ ਤੇ ਇਹਨਾਂ ਸਭ ਦੀ ਕੀਰਤਨ ਕਲਾ ਦੀ ਮਹਿਕ ਦੇ ਕੁਝ ਕੁਝ ਅੰਸ਼ ਮੈਂ ਆਪਣੇ ਵਿੱਚ ਸਦੈਵ ਹੀ ਸਮੋਂਦਾ ਰਿਹਾਂ ਤੇ ਉਸ ਤੋਂ ਜੋ ਬਲ ਪ੍ਰਾਪਤ ਹੋਇਆ ਉਹ ਮੇਰੀ ਸੰਗੀਤ ਯਾਤਰਾ ਦਾ ਅਤੁੱਟ ਅੰਗ ਹੈ।

ਲਗਾਤਾਰ ਕਈ ਸਾਲ ਹਰਬੱਲਭ ਸੰਗੀਤ ਸੰਮੇਲਨ, ਜਲੰਧਰ ਵਿੱਚ ਭਾਗ ਲੈਣ ਵਾਲੇ ਮਹਾਨ ਕਲਾਕਾਰਾਂ ਦੇ ਕਲਾ ਪ੍ਰਦਰਸ਼ਨ ਨੂੰ ਸੁਣਨ ਤੇ ਵੇਖਣ ਦਾ ਸੁਭਾਗ ਪ੍ਰਾਪਤ ਹੁੰਦਾ ਰਿਹਾ। ਇਨ੍ਹਾਂ ਸੰਸਾਰ ਪ੍ਰਸਿੱਧ ਸੰਗੀਤਕਾਰਾਂ ਦੇ ਜਾਦੂ ਭਰੇ ਕਲਾਤਮਿਕ ਢੰਗ ਤੇ ਪ੍ਰਦਰਸ਼ਨ, ਧੁਰ ਅੰਦਰ ਦੀਆਂ ਗਹਿਰਾਈਆਂ ਨੂੰ ਟੁੰਬ ਦਿੰਦੇ। ਕੁਝ ਕੁ ਸੰਗੀਤਕਾਰਾਂ ਦੇ ਨਾਦਾਤਮਿਕ ਸਰੂਪ, ਸਵਰਾਂ

ਦੇ ਲਗਾਉ ਅਭੁੱਲ ਹਨ ਤੇ ਅੱਜ ਵੀ ਜੀਵਤ ਹੋ ਜਾਂਦੇ ਹਨ। ਇਹ ਸੰਗੀਤ ਤਪੱਸਵੀ ਆਪਣੇ ਗਾਇਣ ਵਿੱਚ ਆਪਣੇ ਆਪਣੇ ਢੰਗ ਨਾਲ ਰਿਆਜ਼ ਦੁਆਰਾ ਸਾਧੇ ਹੋਏ ਸੱਚੇ-ਸੁੱਚੇ ਸਵਰਾਂ ਦੇ ਪ੍ਰਯੋਗ ਨਾਲ ਖਿਆਲ ਗਾਇਣ ਨੂੰ ਜੀਵਤ ਕਰ ਦਿੰਦੇ। ਹਰ ਸਾਲ ਵੱਖ-ਵੱਖ ਗੁਣੀਆਂ ਦੇ ਗਾਇਣ ਦੇ ਵਿਲੱਖਣ ਢੰਗ ਦੀ ਮੇਰੇ ਅੰਦਰ ਇਕ ਅਚਰਜ ਲਹਿਰ ਉਮਡ ਪੈਂਦੀ ਜੋ ਮੈਨੂੰ ਸੰਗੀਤ ਦੀ ਸਿੱਧੀ ਦਾ ਅਨੁਭਵ ਕਰਾਉਂਦੀ ਤੇ ਹਰ ਸਮੇਂ ਰਿਆਜ਼ ਦੀ ਕਮਾਈ ਕਰਨ ਲਈ ਪ੍ਰੇਰਿਤ ਕਰਦੀ। ਸੰਗੀਤ ਮਹਿਫ਼ਲਾਂ ਦੇ ਇਹ ਸੁਨਹਿਰੇ ਪਲ ਮੇਰੀ ਸੰਗੀਤ ਯਾਤਰਾ ਦਾ ਇੱਕ ਵਿਰਸਾ ਬਣ ਗਏ ਹਨ। ਇਸ ਪ੍ਰੇਰਨਾ ਸਦਕਾ ਸਵਰ ਸਾਧਨਾ, ਰਾਗ ਦੀ ਬੜ੍ਹਤ, ਤਾਨਾਂ, ਬੰਦਸ਼ ਦੀ ਤਿਆਰੀ, ਇਹ ਸਭ ਕੁਝ ਵੇਖਣ ਲਈ ਢਾਈ ਤਿੰਨ ਘੰਟੇ ਸਵੇਰੇ ਤੇ ਏਨਾ ਹੀ ਸਮਾਂ ਸ਼ਾਮ ਨੂੰ ਰਿਆਜ਼ ਦਾ ਨਸ਼ਾ ਲੈਣ ਦਾ ਮੇਰਾ ਇਹ ਨਿੱਤ ਕਰਮ ਬਣ ਗਿਆ ਜੋ ਕੁਝ ਹੱਦ ਤਕ ਅੱਜ ਵੀ ਨਿਭਦਾ ਜਾ ਰਿਹਾ ਹੈ। ਤੰਤੀ ਸਾਜ਼ਾਂ ਦੁਆਰਾ ਕੀਰਤਨ ਕਰਨ ਦੀ ਪਰੰਪਰਾਗਤ ਸ਼ੈਲੀ ਨੂੰ ਸੁਰਜੀਤ ਕਰਨ ਲਈ ਮੇਰੀ ਸੰਗੀਤ ਯਾਤਰਾ ਦਾ ਨਵਾਂ ਮੋੜ ਆਇਆ ਜਦੋਂ ੧੯੬੦ ਵਿੱਚ ਤਾਨਪੁਰੇ ਨਾਲ ਹੀ ਕੀਰਤਨ ਸੇਵਾ ਆਰੰਭ ਹੋਈ ਜੋ ਅੱਜ ਤੱਕ ਨਿਰੰਤਰ ਚਲ ਰਹੀ ਹੈ।

ਕੀਰਤਨ ਵਿੱਚ ਭਾਵੇਂ ਸ਼ਬਦ ਦੀ ਪ੍ਰਧਾਨਤਾ ਹੈ ਪਰ ਸੰਗੀਤ ਦਾ ਸ਼ਾਸਤਰ ਆਧਾਰਿਤ ਕ੍ਰਿਆਤਮਕ ਪੱਖ ਹੀ ਇਸ ਦਾ ਮੂਲ ਆਧਾਰ ਹੈ। ਸੋ ਇਸ ਉਦੇਸ਼ ਦੀ ਪੂਰਤੀ ਲਈ ਪੰਜਾਬ ਯੂਨੀਵਰਸਿਟੀ ਤੋਂ ਡਿਗਰੀ ਦੀ ਪ੍ਰਾਪਤੀ ਦੇ ਨਾਲ ਸੰਗੀਤ ਯੋਗਤਾ ਲਈ ਵੀ ਯਤਨ ਚਲਦੇ ਰਹੇ। ਸ੍ਰੀ ਜੇ.ਐਸ. ਭੰਵਰਾ ਦੀ ਸੰਗਤ ਵਿੱਚ ਸੰਗੀਤ ਪ੍ਰਭਾਕਰ ਗਾਇਣ ਤੇ ਫਿਰ ਵਾਦਨ ਵਿੱਚ ਡਿਗਰੀ ਪ੍ਰਾਪਤ ਕੀਤੀ ਪਰ ਤ੍ਰਿਪਤੀ ਨ ਹੋਈ। ਸੰਗੀਤ ਦੇ ਵਿਸ਼ਾਲ ਸਮੁੰਦਰ ਤੋਂ ਸੰਗੀਤ ਪ੍ਰਤੀ ਪਿਆਸ ਦੀ ਤ੍ਰਿਪਤੀ ਲਈ ਸ੍ਰੀ ਵਿਣਾਇਕ ਰਾਉ ਨਾਰਾਇਣ ਪਟਵਰਧਨ ਦੇ ਪ੍ਰਿਯਾ ਸ਼ਿਸ਼ ਸ੍ਰੀ ਬਲਵੰਤ ਰਾਏ ਜਸਵਾਲ, ਮੁਖੀ ਸੰਗੀਤ ਵਿਭਾਗ, ਹੰਸਰਾਜ ਮਹਿਲਾ ਵਿਦਿਆਲਯ ਜਲੰਧਰ ਦੀ ਅਗਵਾਈ ਪ੍ਰਾਪਤ ਕਰਕੇ ੧੯੬੭ ਵਿੱਚ ਐਮ. ਮਿਊਜ਼ਿਕ ਦੀਆਂ ਡਿਗਰੀਆਂ, ਸੰਗੀਤ ਪ੍ਰਵੀਨ (ਪ੍ਰਯਾਗ ਸੰਗੀਤ ਸੰਮਤੀ, ਇਲਾਹਾਬਾਦ) ਤੇ ਸੰਗੀਤ ਭਾਸਕਰ (ਪ੍ਰਾਚੀਨ ਕਲਾ ਕੇਂਦਰ, ਚੰਡੀਗੜ੍ਹ) ਗਾਇਣ ਵਿੱਚ ਪ੍ਰਾਪਤ ਕੀਤੀਆਂ। ਫਿਰ ੧੯੭੧ ਵਿਚ ਸੰਗੀਤ ਭਾਸਕਰ ਦੀ ਡਿਗਰੀ ਵਾਦਨ ਵਿੱਚ ਵੀ ਪ੍ਰਾਪਤ ਕੀਤੀ।

'ਸੰਗੀਤ ਭਾਰਤੀ' ਸੰਸਥਾ ਦੀ ਸਥਾਪਨਾ ਨਾਲ ਭਾਵੇਂ 7-8 ਸਾਲ ਤੋਂ ਸੰਗੀਤ ਤੇ ਗੁਰਮਤਿ ਸੰਗੀਤ ਦੀ ਪਰੰਪਰਾਗਤ ਸ਼ੈਲੀ ਨੂੰ ਪ੍ਰਚਾਰਨ ਦਾ ਕਾਰਜ ਚਲ ਰਿਹਾ ਸੀ ਪਰ ਮੈਂ ਸਰਬੋਤਮ ਸਾਹਿਤਕਾਰ ਪ੍ਰੋ. ਪ੍ਰੀਤਮ ਸਿੰਘ ਜੀ, ਪਟਿਆਲਾ ਜੋ 1942 ਤੋਂ 1947 ਤੱਕ ਸਿੱਖ ਨੈਸ਼ਨਲ ਕਾਲਜ, ਲਾਹੌਰ, ਫ਼ਾਰਸੀ ਤੇ ਪੰਜਾਬੀ ਵਿਸ਼ੇ ਤੇ ਮੁਖੀ ਸਨ, ਉਦੋਂ ਤੋਂ ਹੀ ਮੈਂ ਉਹਨਾਂ ਦੀ ਉੱਚ-ਸ਼ਖ਼ਸੀਅਤ ਤੋਂ ਬਹੁਤ ਪ੍ਰਭਾਵਿਤ ਹਾਂ ਤੇ ਉਹਨਾਂ ਵਾਂਗ ਕਾਲਜ ਅਧਿਆਪਕ ਦੇ ਰੂਪ ਵਿੱਚ ਕੰਮ ਕਰਨ ਲਈ ਮੇਰੇ ਅੰਦਰ ਚਿਰੋਕਨੀ ਦਬੀ ਖ਼ਾਹਿਸ਼ ਸੀ। ਉਹ ਸੁਪਨਾ ਸਾਕਾਰ ਹੋਇਆ ਤੇ ਮੇਰੀ ਸੰਗੀਤ ਯਾਤਰਾ ਦਾ ਨਵਾਂ ਦੌਰ ਆਰੰਭ ਹੋਇਆ, ਜਦੋਂ ੧੯੬੮ ਵਿੱਚ ਮਾਲਵਾ ਸੈਂਟਰਲ ਕਾਲਜ ਆਫ਼ ਐਜੂਕੇਸ਼ਨ, ਲੁਧਿਆਣਾ ਵਿੱਚ ਗਾਇਣ ਤੇ ਵਾਦਨ ਦਾ ਵਿਸ਼ਾ ਪੜ੍ਹਾਉਣ ਲਈ ਮੇਰੀ ਨਿਯੁਕਤੀ ਹੋਈ, ਜਿੱਥੇ ਗੁਰਮਤਿ ਸੰਗੀਤ ਨੂੰ ਪ੍ਰਚਾਰਨ ਦਾ ਕਾਰਜ ਵੀ ਆਰੰਭ ਹੋ ਗਿਆ। ਮੈਂ ਇੱਥੇ ਤਿੰਨ ਸੈਸ਼ਨ ਕੰਮ ਕੀਤਾ ਤੇ ਫਿਰ ਗੁਰੂ ਨਾਨਕ ਗਰਲਜ਼ ਕਾਲਜ, ਮਾਡਲ ਟਾਊਨ, ਲੁਧਿਆਣਾ, ੧੯੭੧ ਤੋਂ ਸੰਗੀਤ ਵਿਭਾਗ ਦੇ ਮੁੀ ਦੇ ਰੂਪ ਵਿੱਚ ਸੇਵਾ ਆਰੰਭੀ ਜੋ ੧੯੯੭ ਤੱਕ ਚਲਦੀ ਰਹੀ। ਸੰਗੀਤ ਵਿਸ਼ਾ ਪੜ੍ਹਾਉਣ ਦੇ ਨਾਲ-ਨਾਲ, ਇੱਥੇ ਗੁਰਮਤਿ ਸੰਗੀਤ ਦੇ ਨਿਰਧਾਰਿਤ ਸਰੂਪ ਨੂੰ ਕਾਲਜ ਤੇ ਵਿਦਿਅਕ ਸੰਸਥਾਵਾਂ ਰਾਹੀਂ ਪ੍ਰਚਾਰਨ ਵਿੱਚ, ਤਕਰੀਬਨ ਤਿੰਨ ਦਹਾਕੇ ਗੁਰੂ ਨੇ ਸੇਵਾ ਲਈ ਹੈ। ਇਸ ਕਾਰਜ ਦੀ ਸਫਲ ਕਾਰਗੁਜ਼ਾਰੀ ਲਈ ਪ੍ਰਿੰਸੀਪਲ ਹਰਜਿੰਦਰ ਕੌਰ ਸਿੱਧੂ ਦਾ ਸਦੈਵ ਸਹਿਯੋਗ ਪ੍ਰਾਪਤ ਹੁੰਦਾ ਰਿਹਾ। ਸ. ਅਵਤਾਰ ਸਿੰਘ ਗਰੇਵਾਲ ਪ੍ਰਧਾਨ ਜੀ ਵੱਲੋਂ ਮੈਨੂੰ ਸਦਾ ਹੀ ਉਤਸ਼ਾਹਿਤ ਕੀਤਾ ਜਾਂਦਾ ਰਿਹਾ। ਵਿਦਿਆਰਥੀਆਂ ਨੂੰ ਕਠਿਨ

ਤਾਲਾਂ ਤੇ ਸਾਢ ਮਾਤਰਾਂ ਦੀਆਂ ਤਾਲਾਂ ਦੀਆਂ ਬੰਦਸ਼ਾਂ ਦੀ ਤਿਆਰੀ ਲਈ ਤਬਲਾ ਵਾਦਕ ਉਸਤਾਦ ਭਾਈ ਦਲੀਪ ਸਿੰਘ ਪੂਰਾ ਸਾਥ ਦਿੰਦੇ ਰਹੇ। ਇਸ ਸੇਵਾ-ਕਾਲ ਦੌਰਾਨ ਸਿਰੀਰਾਗੁ, ਗੂਜਰੀ, ਬਿਹਾਗੜਾ, ਧਨਾਸਰੀ, ਜੈਤਸਰੀ, ਰਾਮਕਲੀ, ਮਾਲੀ ਗਉੜਾ, ਤੁਖਾਰੀ, ਕਲਿਆਨੁ ਤੇ ਹੋਰ ਰਾਗਾਂ ਵਿੱਚ ਵੀ ਕਈ ਕਠਿਨ ਸ਼ਬਦ ਬੰਦਸ਼ਾਂ ਤੇ ਪੜਤਾਲਾਂ ਦਾ ਯੂਥ ਫੈਸਟੀਵਲਾਂ ਤੇ ਹੋਰ ਸਮਾਗਮਾਂ ਸਮੇਂ ਵਿਦਿਆਰਥੀਆਂ ਤੋਂ ਗਾਇਣ ਕਰਵਾਇਆ ਗਿਆ। ਉਹਨਾਂ ਬੰਦਸ਼ਾਂ ਨੂੰ ਵੀ ਗੁਰਮਤਿ ਸੰਗੀਤ ਦਰਪਣ ਦੇ ਇਸ ਕਿਤਾਬੀ ਰੂਪ ਵਿੱਚ ਸ਼ਾਮਿਲ ਕੀਤਾ ਗਿਆ ਹੈ।

ਇਸ ਸੰਗੀਤ ਯਾਤਰਾ ਵਿੱਚ ਇੱਕ ਹੋਰ ਮਹੱਤਵਪੂਰਨ ਕਾਰਜ ਲਈ ਗੁਰੂ ਨੇ ਮੇਰੀ ਸੇਵਾ ਲਈ ਹੈ। ਗੁਰਮਤਿ ਸੰਗੀਤ ਦੀ ਸੇਵਾ ਸੰਭਾਲ ਲਈ ਬਾਬਾ ਸੁੱਚਾ ਸਿੰਘ ਜੀ, ਜਵੱਦੀ ਕਲਾਂ, ਲੁਧਿਆਣਾ ਵੱਲੋਂ ਅਦੁੱਤੀ ਗੁਰਮਤਿ ਸੰਗੀਤ ਸੰਮੇਲਨਾਂ ਦੀ ਲੜੀ ਦਾ ਆਰੰਭ ਕੀਤਾ ਗਿਆ ਤੇ ਪਹਿਲਾ ਸਮਾਗਮ ੧੯੯੧ ਵਿੱਚ ਜਵੱਦੀ ਕਲਾਂ, ਲੁਧਿਆਣਾ ਵਿਖੇ ਕਰਵਾਇਆ ਗਿਆ। ਰਾਗ ਨਿਰਣਾਇਕ ਕਮੇਟੀ ਦੇ ਮੈਂਬਰ ਵਜੋਂ ਤੇ ਸਮਾਗਮਾਂ ਦੇ ਕੁਆਰਡੀਨੇਟਰ ਤੇ ਹੋਰ ਸੇਵਾਵਾਂ ਲਈ ਮੈਨੂੰ ਨਾਲ ਜੋੜਿਆ ਗਿਆ। ਉਸ ਸਮੇਂ ਤੋਂ ਹੁਣ ਤੱਕ ਹਰ ਸਮਾਗਮ ਵਿੱਚ ਕੀਰਤਨ ਸੇਵਾ ਤੇ ਹੋਰ ਸੇਵਾ ਵੀ ਨਿਭਾਈ ਜਾ ਰਹੀ ਹੈ। ਇਹ ਸਮਾਗਮ ਵੱਖ-ਵੱਖ ਗੁਰੂ ਅਸਥਾਨਾਂ, ਗੁਰਦੁਆਰਾ ਬੰਗਲਾ ਸਾਹਿਬ, ਦਿੱਲੀ (੧੯੯੪), ਵਿਸ਼ਵ ਸਿੱਖ ਸੰਮੇਲਨ ਸਮੇਂ ਗੁਰਦੁਆਰਾ ਮੰਜੀ ਸਾਹਿਬ ਸ੍ਰੀ ਅੰਮ੍ਰਿਤਸਰ (੧੯੯੫), ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ (੧੯੯੬) ਤੇ ਇਸ ਲੜੀ ਦਾ ਦਸਵਾਂ ਸਮਾਗਮ ਦਸੰਬਰ ੨੦੦੧ ਨੂੰ ਜਵੱਦੀ ਕਲਾਂ ਵਿਖੇ ਕਰਵਾਇਆ ਗਿਆ। ਇਹਨਾਂ ਸਮਾਗਮਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ੩੧ ਮੁੱਖ ਰਾਗਾਂ, ਮਿਸ਼ਰਤ ਰਾਗਾਂ, ਰਾਗ ਪ੍ਰਕਾਰ, ਗਉੜੀ ਪ੍ਰਕਾਰ ਤੇ ਸ਼ਬਦ ਪਾਤਸ਼ਾਹੀ ੧੦ ਦੇ ਗਾਇਣ ਕਰਵਾਏ ਗਏ ਹਨ। ਇਹਨਾਂ ਸੰਮੇਲਨਾਂ ਵਿੱਚ ਪੰਥ ਪ੍ਰਸਿੱਧ ਉੱਚ ਕੋਟੀ ਦੇ ਰਾਗੀ ਸਿੰਘਾਂ ਤੋਂ ਬਿਨਾਂ ਗਾਇਕਾਂ ਤੇ ਅਧਿਆਪਕ ਸ਼੍ਰੇਣੀ ਨੂੰ ਵੀ ਜੋੜਿਆ ਗਿਆ। ਉਨ੍ਹਾਂ ਵਿਚੋਂ ਸ. ਤੇਜਪਾਲ ਸਿੰਘ, ਸੁਰਿੰਦਰ ਸਿੰਘ (ਸਿੰਘ ਬੰਧੂ), ਡਾਕਟਰ ਅਜੀਤ ਸਿੰਘ ਪੇਂਤਲ, ਪ੍ਰਿੰਸੀਪਲ ਸ਼ਮਸ਼ੇਰ ਸਿੰਘ ਕਰੀਰ, ਡਾਕਟਰ ਗੁਰਨਾਮ ਸਿੰਘ, ਡਾਕਟਰ ਦਰਸ਼ਨ ਸਿੰਘ ਨਰੂਲਾ, ਡਾਕਟਰ ਜਾਗੀਰ ਸਿੰਘ, ਡਾਕਟਰ ਗੀਤਾ ਪੇਂਤਲ, ਬੀਬੀ ਗੁਰਿੰਦਰ ਕੌਰ, ਬੀਬੀ ਜਸਵਿੰਦਰ ਕੌਰ, ਡਾਕਟਰ ਜਸਬੀਰ ਕੌਰ , ਸ. ਪਰਮਜੋਤ ਸਿੰਘ ਤੇ ਪ੍ਰੋਫ਼ੈਸਰ ਕਰਤਾਰ ਸਿੰਘ (ਦਾਸ) ਕੀਰਤਨ ਸੇਵਾ ਨਿਭਾਉਂਦੇ ਆ ਰਹੇ ਹਨ। ਗੁਰਮਤਿ ਸੰਗੀਤ ਦੀ ਸੰਭਾਲ ਦਾ ਹੋਰ ਵੀ ਜੋ ਨਿੱਗਰ ਅਤੇ ਸ਼ਲਾਘਾਯੋਗ ਕਾਰਜ ਹੋਇਆ, ਉਹ ੩੧ ਮੁੱਖ ਰਾਗਾਂ ਵਿੱਚ 61 ਸ਼ਬਦਾਂ ਦੇ ਗਾਇਣ ਦੀਆਂ ੧੬ ਆਡੀਓ ਕੈਸਟਾਂ, 'ਗਉੜੀ ਰਾਗਿ ਸੁਲਖਣੀ' ਵਿੱਚ ਗਉੜੀ ਦੇ ਬਾਰਾਂ ਪ੍ਰਕਾਰਾਂ ਦੀਆਂ ਤਿੰਨ ਕੈਸਟਾਂ ਤੇ 'ਸ਼ਬਦ ਪਾਤਸ਼ਾਹੀ ੧੦' ਦੀਆਂ ਦੋ ਕੈਸਟਾਂ ਹਨ। ਇਹਨਾਂ ਕੈਸਟਾਂ ਵਿੱਚ ਰਾਗੁ ਬਿਹਾਗੜਾ, ਰਾਗੁ ਤੁਖਾਰੀ, ਰਾਗੁ ਮਾਰੂ, ਰਾਗੁ ਬਸੰਤੁ, ਰਾਗੁ ਕਲਿਆਨੁ ਦੇ ਪੰਜ ਸ਼ਬਦ ਮੁੱਖ ਰਾਗਾਂ ਵਿੱਚ, ਗਉੜੀ ਚੇਤੀ, ਗਉੜੀ ਬੈਰਾਗਣਿ, ਗਉੜੀ ਮਾਲਾ ਦੇ ਤਿੰਨ ਸ਼ਬਦ 'ਗਉੜੀ ਰਾਗਿ ਸੁਲਖਣੀ' ਵਿੱਚ ਤੇ ਰਾਗੁ ਦੇਵਗੰਧਾਰੀ ਤੇ ਰਾਗ ਕਲਿਆਣ ਦੇ ਦੋ ਸ਼ਬਦ, ਸ਼ਬਦ ਪਾਤਸ਼ਾਹੀ ੧੦ ਵਿੱਚ, ਇਹਨਾਂ ੧੦ ਸ਼ਬਦਾਂ ਦਾ ਗਾਇਣ ਵੀ ਮੇਰੀ ਸੰਗੀਤ ਯਾਤਰਾ ਵਿੱਚ ਸ਼ਾਮਿਲ ਹੈ ਤੇ ਮੁਖ ਰਾਗਾਂ ਦੀਆਂ ਸੱਤ ਸ਼ਬਦ ਬੰਦਸ਼ਾਂ ਵੀ ਇਸ ਪੁਸਤਕ ਵਿੱਚ ਸ਼ਾਮਿਲ ਹਨ।

ਖਾਲਸੇ ਦੀ ਤੀਜੀ ਜਨਮ ਸ਼ਤਾਬਦੀ ਦੇ ਸਬੰਧ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵੱਲੋਂ ਖਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਗੁਰਮਤਿ ਸੰਗੀਤ ਅਕੈਡਮੀ ਦੀ ਸਥਾਪਨਾ ਦੀ ਯੋਜਨਾ ਬਣਾਈ ਗਈ, ਜਿੱਥੇ ਤੰਤੀ ਸਾਜਾਂ ਦੁਆਰਾ ਕੀਰਤਨ ਸਿੱਖਿਆ ਦਿੱਤੀ ਜਾਏ ਤਾਂ ਜੋ ਗੁਰਮਤਿ ਸੰਗੀਤ ਦੀ ਅਲੋਪ ਹੋ ਰਹੀ ਪਰੰਪਰਾਗਤ ਕੀਰਤਨ ਸ਼ੈਲੀ ਨੂੰ ਮੁੜ ਸੁਰਜੀਤ ਕੀਤਾ ਜਾ ਸਕੇ। ਸਿੰਘ ਸਾਹਿਬ ਪ੍ਰੋ. ਮਨਜੀਤ ਸਿੰਘ ਜੀ, ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਨੇ ਮੈਨੂੰ

ਆਵਾਜ਼ ਦਿੱਤੀ ਕਿ ਕੌਮ ਦੇ ਬੱਚਿਆਂ ਨੂੰ ਕੀਰਤਨ ਦੀ ਦਾਤ ਵੰਡਣ ਲਈ ਗੁਰੂ ਨੇ ਸੇਵਾ ਲਾਈ ਹੈ, ਉਹ ਨਿਭਾਉਣੀ ਹੈ ਤੇ ਅਨੰਦਪੁਰ ਦੀ ਧਰਤੀ ਦਾ ਹਰ ਸਿੱਖ ਕਰਜ਼ਦਾਰ ਹੈ, ਉਹ ਰਿਣ ਵੀ ਚੁਕਾਉਣਾ ਹੈ। ਮੇਰੀ ਸੰਗੀਤ ਯਾਤਰਾ ਦਾ ਫਿਰ ਨਵਾਂ ਮੋੜ ਆਰੰਭ ਹੋਇਆ ਜਦੋਂ 17 ਦਸੰਬਰ, 1999 ਨੂੰ ਸਿੰਘ ਸਾਹਿਬ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਇਸ ਕਾਰਜ ਦੀ ਆਰੰਭਤਾ ਦੀ ਅਰਦਾਸ ਕੀਤੀ ਅਤੇ ਮੈਨੂੰ ਇਸ ਅਕੈਡਮੀ ਦੇ ਡਾਇਰੈਕਟਰ ਦੀ ਸੇਵਾ ਸੌਂਪੀ ਗਈ ਜੋ ਅੱਜ ਤੀਕ ਨਿਭਾਈ ਜਾ ਰਹੀ ਹੈ। ਵਿਦਿਆਰਥੀਆਂ ਵਿੱਚ ਨਿਯਮਤ ਰੂਪ ਵਿੱਚ ਸਵਰ ਸਾਧਨਾ, ਰਿਆਜ਼, ਬਾਣੀ ਕੰਠ, ਬੰਦਸ਼ਾਂ ਦੀ ਤਿਆਰੀ ਤੇ ਸਟੇਜ ਤੇ ਗਾਇਣ ਕਰਨਾ ਇਹਨਾਂ ਦੇ ਨਿੱਤ ਕਰਮ ਵਿੱਚ ਸ਼ਾਮਿਲ ਹੈ। ਇਥੋਂ ਦੇ ਵਿਦਿਆਰਥੀ ਵੱਖ-ਵੱਖ ਜਥਿਆਂ ਦੇ ਰੂਪ ਵਿੱਚ ਵੀ ਤੇ ਹਰ ਬੁੱਧਵਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਕਲਿਆਨੁ ਦੀ ਚਉਕੀ ਵਿੱਚ ਮੇਰੇ ਨਾਲ ਕੀਰਤਨ ਸੰਗਤ ਕਰ ਰਹੇ ਹਨ। ਸਮੇਂ-ਸਮੇਂ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿੱਚ ਵੀ ਤਾਨਪੁਰੇ, ਦਿਲਰੁਬਾ, ਤੰਤੀ ਸਾਜ਼ਾਂ ਦੁਆਰਾ ਮੇਰੇ ਨਾਲ ਕੀਰਤਨ ਸੰਗਤ ਕਰਦੇ ਹਨ। ਅਕਤੂਬਰ 2001 ਤੋਂ ਪ੍ਰੋਫ਼ੈਸਰ ਪਿਆਰਾ ਸਿੰਘ 'ਪਦਮ' (ਗੁਹਾਟੀ) ਦਿਲਰੁਬਾ ਦੀ ਸਿੱਖਿਆ ਵੀ ਦੇ ਰਹੇ ਹਨ। ਪਹਿਲੇ ੧੯੯੯-੨੦੦੨ ਸੈਸ਼ਨ ਦੇ ਵਿਦਿਆਰਥੀ ਲਗਭਗ 31 ਮੁੱਖ ਰਾਗਾਂ ਵਿੱਚ ਕਠਿਨ ਤਾਲਾਂ ਵਿੱਚ ਜੋ ਬੰਦਸ਼ਾਂ ਅਤੇ ਪੜਤਾਲਾਂ ਕਰ ਚੁਕੇ ਹਨ ਉਹ ਵੀ ਗੁਰਮਤਿ ਸੰਗੀਤ ਦਰਪਣ ਪੁਸਤਕ ਦਾ ਹਿੱਸਾ ਬਣ ਗਈਆਂ ਹਨ।

ਮਾਤਾ ਪਿਤਾ ਦੇ ਸੰਸਕਾਰ ਸਹਾਈ ਹੋਏ। ਮੈਨੂੰ ਸੰਗੀਤ-ਭਿਖਾਰੀ ਦੇ ਰੂਪ ਵਿੱਚ ਉਸਤਾਦਾਂ ਪਾਸੋਂ, ਮਹਾਨ ਸੰਗੀਤਕਾਰਾਂ ਦੇ ਪ੍ਰਦਰਸ਼ਨ ਤੋਂ, ਗੁਣਵਾਨ ਕੀਰਤਨਕਾਰਾਂ ਦੇ ਗਾਇਣ ਤੋਂ, ਵਿਦਿਆਰਥੀ ਵਰਗ ਦੀ ਸੰਗੀਤ ਸਾਂਝ ਤੇ ਕੀਰਤਨ ਸੇਵਾ ਵਿੱਚ ਸੰਗਤਾਂ ਦੀਆਂ ਅਸੀਸਾਂ ਤੋਂ ਜੋ ਕੁਝ ਬੁੱਧੀ ਰੂਪੀ ਕਾਸੇ ਵਿੱਚ ਖ਼ੈਰਾਤ ਵਜੋਂ ਮਿਲਿਆ, ਮੈਂ ਉਸ ਭੰਡਾਰ ਨੂੰ ਸਵਰ-ਰਚਨਾ ਦੇ ਕੇ ਆਪਣੀ ਸੰਗੀਤ ਯਾਤਰਾ ਨੂੰ ਸਫਲਾਉਣ ਦਾ ਯਤਨ ਕਰ ਸਕਿਆ ਹਾਂ। 'ਕਰਉ ਜਤਨ ਜੇ ਹੋਇ ਮਿਹਰਬਾਨਾ' ਗੁਰੂ ਦੀ ਮਿਹਰੰਮਤ ਦੀ ਪ੍ਰਾਪਤੀ ਲਈ ਗੁਰਮਤਿ ਸੰਗੀਤ ਦੀ ਪਰੰਪਰਾਗਤ ਸ਼ੈਲੀ ਨੂੰ ਸੁਰਜੀਤ ਕਰਨ ਲਈ ਇਹ ਇੱਕ ਨਿਮਾਣਾ ਜਿਹਾ ਯਤਨ ਕੀਤਾ ਗਿਆ ਹੈ। ਮੇਰੇ ਇਸ ਯਤਨ ਨੂੰ ਸਿਰੇ ਚਾੜ੍ਹਨ ਲਈ ਮੇਰੀ ਵਿਦਿਆਰਥਣ ਜੋਤੀ ਕੌਰ ਤੋਂ ਬਹੁਤ ਸਹਿਯੋਗ ਪ੍ਰਾਪਤ ਹੋਇਆ ਹੈ। ਜੇ ਕੀਰਤਨੀਏ, ਕੀਰਤਨ ਵਿਦਿਆਰਥੀ, ਅਧਿਆਪਕ ਤੇ ਸੰਗੀਤ ਸਾਧਕ ਮੇਰੀ ਇਸ ਕਿਰਤ ਤੋਂ ਲਾਭ ਉਠਾ ਸਕਣ ਤਾਂ ਮੇਰ ਘਾਲ ਥਾਂਇੰ ਪਵੇਗੀ।

ਮਨ ਚਿ ਜ਼ੱਰਹ ਮੁਸ਼ੇ ਅਜ਼ ਖ਼ਾਕੇ ਗਰੀਬ
ਈਂ ਹਮਹ ਦੌਲਤ ਜ਼ਿ ਮੁਰਸ਼ਿਦ ਸ਼ੁਦ ਨਸੀਬ॥ ੪੨੬॥ (ਜ਼ਿ.ਨਾ. ਭਾਈ ਨੰਦ ਲਾਲ)
(ਮੈਂ ਤਾਂ ਵਿਚਾਰੀ ਮਿੱਟੀ ਦੀ ਮੁੱਠ ਦਾ ਇੱਕ ਕਿਣਕਾ ਹਾਂ। ਇਹ ਸਾਰੀ ਦੌਲਤ ਤਾਂ ਗੁਰੂ ਨੇ ਬਖ਼ਸ਼ੀ ਹੈ।)


ਡਾਇਰੈਕਟਰ ਗੁਰਮਤਿ ਸੰਗੀਤ ਅਕੈਡਮੀ,
ਸ੍ਰੀ ਅਨੰਦਪੁਰ ਸਾਹਿਬ, ਜ਼ਿਲ੍ਹਾ ਰੋਪੜ।
ਫੋਨ 01887-232623

ਸੰਗੀਤ ਭਾਰਤੀ,
99-ਬੀ, ਸ਼ਾਸਤਰੀ ਨਗਰ,
ਲੁਧਿਆਣਾ-141002 ਫੋਨ: 0161-2458140

# ਗੁਰਮਤਿ ਸੰਗੀਤ ਦੇ ਰਚਨਾਕਾਰ ਪ੍ਰੋ. ਤਾਰਾ ਸਿੰਘ

ਡਾ. ਗੁਰਨਾਮ ਸਿੰਘ

ਗੁਰਮਤਿ ਸੰਗੀਤ ਰਚਨਾਕਾਰ ਪ੍ਰੋਫੈਸਰ ਤਾਰਾ ਸਿੰਘ ਜੀ ਦਾ ਨਾਮ ਗੁਰਮਤਿ ਸੰਗੀਤ ਦੇ ਖੇਤਰ ਵਿਚ ਧਰੂ ਤਾਰੇ ਵਾਂਗ ਚਮਕ ਰਿਹਾ ਹੈ। ਆਪ ਨੂੰ ਅੱਜ ਗੁਰਮਤਿ ਸੰਗੀਤ ਦੇ ਮਹਾਨ ਅਚਾਰੀਆ ਦੇ ਤੌਰ ਤੇ ਜਾਣਿਆ ਜਾਂਦਾ ਹੈ। ਆਪ ਨੇ ਸੰਗੀਤ ਅਤੇ ਗੁਰਮਤਿ ਸੰਗੀਤ ਦੇ ਅਕਾਦਮਿਕ ਖੇਤਰ ਵਿਚ ਕਿਰਿਆਤਮਕ ਅਤੇ ਸਿਧਾਂਤਕ ਪੱਧਰ ਤੇ ਮਹਾਨ ਯੋਗਦਾਨ ਪਾਇਆ ਹੈ। ਆਪ ਦੁਆਰਾ ਸਿਖਲਾਈ ਪ੍ਰਾਪਤ ਕੀਤੇ ਵਿਦਿਆਰਥੀਆਂ ਵਿਚੋਂ ਬਹੁਤੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਉੱਘੇ ਸੰਗੀਤ ਅਧਿਆਪਕ ਹਨ ਅਤੇ ਆਪ ਦੁਆਰਾ ਰਚਿਆ ਸੰਗੀਤ ਤੇ ਗੁਰਮਤਿ ਸੰਗੀਤ ਸਾਹਿਤ ਅੱਜ ਵੀ ਸੰਗੀਤ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਚਾਨਣ ਮੁਨਾਰੇ ਦਾ ਕੰਮ ਕਰ ਰਿਹਾ ਹੈ।

ਪ੍ਰੋ. ਤਾਰਾ ਸਿੰਘ ਦਾ ਜਨਮ 18 ਸਤੰਬਰ, 1919 ਨੂੰ ਪਿਤਾ ਬਾਰਾ ਸਿੰਘ ਦੇ ਗ੍ਰਹਿ ਪਿੰਡ ਸਿੱਧੂਪੁਰ ਖੁਰਦ ਜਿਲ੍ਹਾ ਰੋਪੜ ਵਿਖੇ ਮਾਤਾ ਰਾਇ ਕੌਰ ਦੀ ਕੁਖੋਂ ਹੋਇਆ। ਆਪ ਨੇ ਮੁਢਲੀ ਸਿੱਖਿਆ ਪਿੰਡ ਦੇ ਗੁਰਦੁਆਰਾ ਸਾਹਿਬ ਵਿਚ ਹੀ ਪ੍ਰਾਪਤ ਕੀਤੀ। ਉਪਰੰਤ ਗੁਰਮਤਿ ਸੰਗੀਤ ਦੀ ਸਿਖਲਾਈ ਪ੍ਰਸਿਧ ਕੀਰਤਨੀਏ ਭਾਈ ਸੰਪੂਰਨ ਸਿੰਘ, ਜੋ ਪੰਡਤ ਦਲੀਪ ਚੰਦਰ ਬੇਦੀ ਦੇ ਗੁਰੂ ਭਾਈ ਤੇ ਤਲਵੰਡੀ ਘਰਾਣੇ ਦੇ ਪ੍ਰਸਿਧ ਗਾਇਕ ਭਾਈ ਉੱਤਮ ਸਿੰਘ ਦੇ ਸ਼ਿਸ਼ ਸਨ, ਤੋਂ ਪ੍ਰਾਪਤ ਕੀਤੀ। ਪ੍ਰੋਫੈਸਰ ਸਾਹਿਬ ਨੇ ਸ੍ਰੀ ਨਿਤਯਾ ਨੰਦ ਚੋਪੜਾ, ਸ੍ਰੀ ਐਨ.ਐਨ.ਘੋਸ਼, ਉਸਤਾਦ ਬਾਸੂ ਖ਼ਾਂ ਅਤੇ ਪੰਡਤ ਵਿਸ਼ਨੂ ਦਿਗੰਬਰ ਪਲੁਸਕਰ ਦੇ ਸ਼ਿਸ਼ ਪੰਡਤ ਐਲ.ਡੀ.ਭਾਗਵਤ ਤੋਂ ਸ਼ਾਸਤਰੀ ਸੰਗੀਤ ਦੇ ਗਾਇਨ ਅਤੇ ਵਾਦਨ ਦੀ ਸਿੱਖਿਆ ਲਈ।

ਪ੍ਰੋ. ਤਾਰਾ ਸਿੰਘ ਦਾ ਪੰਜਾਬ ਵਿਚ ਸੰਗੀਤ ਵਿਸ਼ੇ ਦਾ ਆਰੰਭ ਕਰਨ ਵਿਚ ਬਤੌਰ ਅਧਿਆਪਕ, ਬਤੌਰ ਲੇਖਕ ਬੁਨਿਆਦੀ ਯੋਗਦਾਨ ਰਿਹਾ ਹੈ। ਆਪ ਨੇ ਲਗਭਗ 30 ਸਾਲ ਪੰਜਾਬ ਦੇ ਕਾਲਜਾਂ ਵਿਚ ਵਿਦਿਆਰਥੀਆਂ ਨੂੰ ਸੰਗੀਤ ਸਿੱਖਿਆ ਦਿਤੀ। ਆਪ ਕਈ ਸਾਲ ਸਰਕਾਰੀ ਕਾਲਜ ਪਟਿਆਲਾ (ਲੜਕੀਆਂ) ਦੇ ਪੋਸਟ ਗਰੈਜੂਏਟ ਸੰਗੀਤ ਵਿਭਾਗ ਦੇ ਮੁਖੀ ਰਹੇ। ਆਪ ਨੇ ਸੰਗੀਤ ਸਬੰਧੀ ਜਿਥੇ ਮੌਲਿਕ ਪੁਸਤਕਾਂ ਦੀ ਰਚਨਾ ਕੀਤੀ, ਉਥੇ ਪ੍ਰਸਿੱਧ ਸੰਗੀਤਕਾਰਾਂ ਦੁਆਰਾ ਰਚਿਤ ਪੁਸਤਕਾਂ ਦਾ ਪੰਜਾਬੀ ਵਿਚ ਅਨੁਵਾਦ ਵੀ ਕੀਤਾ। ਸਰਲ ਪੰਜਾਬੀ ਭਾਸ਼ਾ ਵਿਚ ਅਤੇ ਵਿਗਿਆਨਕ ਲੀਹਾਂ ਉਤੇ ਰਚੀਆਂ ਇਹ ਪੁਸਤਕਾਂ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਬਹੁਤ ਲਾਹੇਵੰਦ ਹਨ। ਸੰਗੀਤ ਦੇ ਪਾਠਕ੍ਰਮਾਂ ਨਾਲ ਸਬੰਧਤ ਆਪ ਦੀਆਂ ਕੁਝ ਪੁਸਤਕਾਂ ਇਸ ਪ੍ਰਕਾਰ ਹਨ: ਵਾਦਨ੍ ਅੱਠਵੀਂ ਸ਼੍ਰੇਣੀ ਲਈ੍ ਪੰਜਾਬ ਸਕੂਲ ਸਿੱਖਿਆ ਬੋਰਡ, ਵਾਦਨ ਕਲਾ੍ ਬੀ.ਏ. ਲਈ੍ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸਿਤਾਰ ਤਰੰਗਣੀ੍ ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਸੰਗੀਤ ਸ਼ਾਸਤਰ੍ ਭਾਗ ਪਹਿਲਾ (ਮਹੇਸ਼ ਨਰਾਇਣ ਸਕਸੇਨਾ) ਅਨੁਵਾਦ ਪੰਜਾਬੀ ਯੂਨੀਵਰਸਿਟੀ, ਸੰਗੀਤ ਸ਼ਾਸਤਰ੍ ਭਾਗ ਦੂਜਾ (ਮਹੇਸ਼ ਨਰਾਇਣ ਸਕਸੇਨਾ) ਅਨੁਵਾਦ ਪੰਜਾਬੀ ਯੂਨੀਵਰਸਿਟੀ, ਪੰਜਾਬ ਦੇ ਪ੍ਰਸਿੱਧ ਸੰਗੀਤਕਾਰ੍ ਭਾਸ਼ਾ ਵਿਭਾਗ, ਪੰਜਾਬ, ਰਵਾਇਤੀ ਅਤੇ ਆਧੁਨਿਕ ਸੰਗੀਤ ਸਾਜ਼, ਭਾਸ਼ਾ ਵਿਭਾਗ ਪੰਜਾਬ। ਆਪ ਨੇ ਪੰਜਾਬ ਦੀ ਸੰਗੀਤ ਪਰੰਪਰਾ ਵਿਚ ਗਾਇਨ ਅਤੇ ਵਾਦਨ ਦੀਆਂ ਲਗਭਗ 5000 ਮੌਲਿਕ ਬੰਦਸ਼ਾਂ ਦੀ ਰਚਨਾ ਕੀਤੀ ਹੈ। ਇਸ ਵਿਸ਼ਾਲ ਸੰਖਿਆ ਵਿਚ ਗੁਰਬਾਣੀ ਦੇ ਸ਼ਬਦ ਗਾਇਨ ਦੀਆਂ, ਦਸਮ ਗ੍ਰੰਥ ਦੀਆਂ, ਸ਼ਾਸਤਰੀ ਗਾਇਨ ਦੀਆਂ ਅਤੇ ਵਾਦਨ ਸੰਗੀਤ ਦੀਆਂ ਬੰਦਸ਼ਾਂ ਸ਼ਾਮਲ ਹਨ। ਉੱਤਰ ਭਾਰਤੀ ਸੰਗੀਤਕਾਰਾਂ ਵਲੋਂ ਗਾਇਨ ਕੀਤੇ ਜਾ ਰਹੇ ਖਿਆਲਾਂ ਅਤੇ ਟਪਿਆਂ ਦਾ ਅਧਿਐਨ ਕਰਕੇ ਉਨ੍ਹਾਂ ਦੇ ਪੰਜਾਬੀ ਸਰੂਪ ਨੂੰ ਸੰਭਾਲਿਆ ਅਤੇ ਹਿੰਦੁਸਤਾਨੀ ਸੰਗੀਤ ਵਿਚ ਪੰਜਾਬ ਦੀ ਸੰਗੀਤ ਦੀ ਅਹਿਮ ਭੂਮਿਕਾ ਨੂੰ ਪ੍ਰਕਾਸ਼ਿਤ ਕੀਤਾ। ਸੰਗੀਤ ਦੇ ਰਾਗਾਤਮਕ ਗਾਇਨ ਹਿਤ ਆਪ ਨੇ ਅਨੇਕ ਮੌਲਿਕ ਬੰਦਸ਼ਾਂ ਦੀ ਰਚਨਾ ਵੀ ਕੀਤੀ। ਇਹਨਾਂ ਬੰਦਸ਼ਾਂ ਵਿਚ ਧਰੁਪਦ, ਧਮਾਰ, ਵਿਲੰਬਿਤ ਅਤੇ ਦਰੁਤ ਖਿਆਲ, ਚਤੁਰੰਗ, ਤਰਾਨਾ ਅਤੇ ਤਿਰਵਟ ਸ਼ੈਲੀਆਂ ਸ਼ਾਮਲ ਹਨ। ਰਚੀਆਂ ਗਈਆਂ ਬੰਦਸ਼ਾਂ ਵਿਚ ਗਾਇਨ ਸ਼ੈਲੀਆਂ ਦੀ ਇਹ ਵਿਵਿਧਤਾ ਅਤੇ ਇਹਨਾਂ ਦੀ ਸੁੰਦਰਤਾ ਆਪ ਦੀ ਕਲਾ ਕੌਸ਼ਲਤਾ ਦਾ ਪਰਮਾਣ ਹਨ। ਇਹ ਬੰਦਸ਼ਾਂ ਕਾਵਿਕ ਪਖੋਂ ਵੀ ਉੱਚ ਪਾਇ ਦੀਆਂ ਹਨ। ਭਾਰਤੀ ਸੰਗੀਤ ਦੇ ਖੇਤਰ ਵਿਚ ਆਪ ਦੇ ਯੋਗਦਾਨ ਤੋਂ ਪ੍ਰਭਾਵਿਤ ਹੋ ਕੇ ਪ੍ਰਸਿੱਧ ਸੰਗੀਤਕਾਰ ਸ੍ਰੀ ਨਾਰਾਇਣ ਰਾਓ ਵਿਆਸ ਕਿਹਾ ਕਰਦੇ ਸਨ,"ਪ੍ਰੋ. ਸਾਹਿਬ ਸੰਗੀਤ ਜਗਤ ਕੇ ਪ੍ਰਸਿੱਧ ਅਚਾਰੀਆ ਹੈਂ, ਮੈਂ ਇਨਕੋ ਸੰਗੀਤ ਪਰ ਅਥਾਰਟੀ ਮਾਨਤਾ ਹੂੰ, ਭਾਰਤੀ ਸੰਗੀਤ ਔਰ ਗੁਰਬਾਣੀ ਸੰਗੀਤ ਪਰ ਆਪਨੇ ਬਹੁਤ ਲਾਜਵਾਬ ਔਰ ਮੌਲਿਕ ਕਾਮ ਕੀਆ ਹੈ । ਹਮ ਸਭਕੋ ਇਨਕੇ ਉਪਰ ਅਬ ਭੀ ਬਹੁਤ ਸੀ ਆਸਾਏਂ ਹੈ।"

ਪ੍ਰੋ. ਤਾਰਾ ਸਿੰਘ ਨੇ ਆਪਣੇ ਸੰਗੀਤਕ ਸਫ਼ਰ ਵਿਚ ਅਨੇਕਾਂ ਵਿਦਿਆਰਥਿਆਂ ਨੂੰ ਗੁਰਮਤਿ ਸੰਗੀਤ ਅਤੇ ਸੰਗੀਤ ਨਾਲ ਜੋੜਿਆ। ਆਪ ਦੇ ਵਿਦਿਆਰਥੀਆਂ ਵਿਚ ਨਿੱਕੇ੍ਨਿੱਕੇ ਬਾਲਾਂ ਤੋਂ ਲੈ ਕੇ ਪ੍ਰੋੜ ਸੰਗੀਤਕਾਰ ਵੀ ਸ਼ਿਸ਼ ਰਹੇ। ਆਪ ਦੇ ਕੁਝ ਪ੍ਰਮੁਖ ਸ਼ਿਸ਼ਾਂ ਦੇ ਨਾਮਾਂ ਵਿਚੋਂ ਡਾ. ਗੁਰਨਾਮ ਸਿੰਘ(ਇਨ੍ਹਾਂ ਸਤਰਾਂ ਦੇ ਲੇਖਕ), ਡਾ. ਬਚਿੱਤਰ ਸਿੰਘ, ਸ੍ਰੀਮਤੀ ਤਰਲੋਚਨ ਕੌਰ, ਸ੍ਰੀਮਤੀ ਹਰਿੰਦਰ ਕੌਰ, ਡਾ. ਨਿਵੇਦਿਤਾ ਸਿੰਘ, ਡਾ. ਅਲੰਕਾਰ ਸਿੰਘ, ਡਾ. ਜਬਰਜੰਗ ਸਿੰਘ, ਸ੍ਰੀ ਕੇਸਰ ਨਾਥ, ਸ. ਬਲਜੀਤ ਸਿੰਘ, ਸ. ਪਰਮਜੀਤ ਸਿੰਘ, ਸ੍ਰੀ ਗਮਦੂਰ, ਸ੍ਰੀ ਪਰਮਿੰਦਰ ਗੁਰੀ ਆਦਿ ਦੇ ਨਾਮ ਵਰਣਨਯੋਗ ਹਨ। ਪੰਜਾਬ ਦੀਆਂ ਯੂਨੀਵਰਸਿਟੀਆਂ, ਕਾਲਜਾਂ ਅਤੇ ਸਕੂਲਾਂ ਵਿਚ ਕਾਰਜਸ਼ੀਲ ਸੰਗੀਤ ਦੇ ਅਧਿਆਪਕਾਂ ਵਿਚੋਂ ਬਹੁਗਿਣਤੀ ਆਪ ਦੇ ਵਿਦਿਆਰਥੀ ਰਹੇ ਹਨ।

ਗੁਰਮਤਿ ਸੰਗੀਤ ਨੂੰ ਅਕਾਦਮਿਕ ਪੱਧਰ ਦੇ ਯੋਗ ਬਣਾਉਣ ਦਾ ਆਰੰਭ ਪ੍ਰੋਫੈਸਰ ਸਾਹਿਬ ਦੀਆਂ ਲਿਖਤਾਂ ਅਤੇ ਆਪਣੇ ਵਿਦਿਆਰਥੀਆਂ ਨੂੰ ਦਿੱਤੀ ਗੁਰਮਤਿ ਸੰਗੀਤ ਸਿਖਲਾਈ ਨਾਲ ਹੀ ਹੋਇਆ। ਆਪ ਨੇ ਗੁਰਮਤਿ ਸੰਗੀਤ ਅਤੇ ਭਾਰਤੀ ਸ਼ਾਸਤਰੀ ਸੰਗੀਤ ਦਾ ਤੁਲਨਾਤਮਕ ਅਧਿਐਨ ਕਰਕੇ ਗੁਰਮਤਿ ਸੰਗੀਤ ਦੇ ਵਿਲੱਖਣ ਮੁਹਾਂਦਰੇ ਨੂੰ ਉਜਾਗਰ ਕੀਤਾ। ਇਸ ਦੇ ਨਾਲ-ਨਾਲ ਆਪ ਨੇ ਅਕਾਦਮਿਕ ਪੱਧਰ ਉਤੇ ਕੰਮ ਆਉਣ ਵਾਲੇ ਸਾਹਿਤ ਦੀ ਸਿਰਜਨਾ ਕੀਤੀ। ਗੁਰਮਤਿ ਸੰਗੀਤ ਦੇ ਸਿਧਾਂਤ ਨੂੰ ਕਿਰਿਆਤਮਕ ਰੂਪ ਵਿਚ ਵਿਦਿਆਰਥੀਆਂ ਨੂੰ ਸਿਖਾਇਆ ਅਤੇ ਇਸ ਨੂੰ ਸਫਲ ਢੰਗ ਨਾਲ ਪ੍ਰਦਰਸ਼ਤ ਤੇ ਪ੍ਰਚਾਰਿਤ ਵੀ ਕੀਤਾ।

ਪ੍ਰੋ. ਤਾਰਾ ਸਿੰਘ ਨੇ ਪਹਿਲੀ ਵਾਰ ਗੁਰਮਤਿ ਸੰਗੀਤ ਦਾ ਡੂੰਘਾ ਅਧਿਐਨ ਕਰਕੇ ਇਸ ਦੇ ਮੌਲਿਕ ਨਿਯਮਾਂ ਨੂੰ ਉਜਾਗਰ ਕੀਤਾ। ਆਪ ਗੁਰਮਤਿ ਸੰਗੀਤ ਨੂੰ ਇਕ ਵਿਲੱਖਣ ਸੰਗੀਤ ਪੱਧਤੀ ਮੰਨਦੇ ਸਨ। ਇਸ ਸਬੰਧੀ ਆਪ ਨੇ ਗੁਰੂ ਸਾਹਿਬਾਨ ਦੇ ਜੀਵਨ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਡੂੰਘਾ ਅਧਿਐਨ ਕੀਤਾ। ਇਸ ਦੇ ਨਾਲ਼ਨਾਲ ਉਨ੍ਹਾਂ ਨੇ ਭਾਰਤੀ ਸੰਗੀਤ ਦੀ ਮੱਧਕਾਲੀਨ ਪਰੰਪਰਾ ਦਾ ਵੀ ਵਿਸ਼ੇਸ਼ ਅਧਿਐਨ ਕਰਕੇ ਗੁਰਮਤਿ ਸੰਗੀਤ ਨੂੰ ਇਕ ਮੌਲਿਕ ਵਿਧਾ ਵਜੋਂ ਸਥਾਪਿਤ ਕਰਨ ਦਾ ਯਤਨ ਕੀਤਾ।ਆਪ ਨੇ ਆਪਣੀਆਂ ਪੁਸਤਕਾਂ ਵਿਚ ਸੁਰਲਿਪੀਆਂ ਤਿਆਰ ਕਰਨ ਸਮੇਂ ਗੁਰਮਤਿ ਸੰਗੀਤ ਦੇ ਸਿਧਾਂਤਾਂ ਨੂੰ ਪੂਰੀ ਤਰ੍ਹਾਂ ਅਪਨਾਉਣ ਦੀ ਕੋਸ਼ਿਸ਼ ਕੀਤੀ।

ਗੁਰਮਤਿ ਸੰਗੀਤ ਦੇ ਮਹਾਨ ਰਚਨਾਕਾਰ ਪ੍ਰੋ. ਤਾਰਾ ਸਿੰਘ ਵਲੋਂ ਗੁਰਮਤਿ ਸੰਗੀਤ ਦੇ ਅੰਤਰਗਤ ਵਿਸ਼ਾਲ ਸੁਰਲਿਪੀ ਬੱਧ ਕਾਰਜ ਕੀਤਾ ਗਿਆ ਹੈ। ਆਪ ਦੀ ਪ੍ਰਥਮ ਗੁਰਮਤਿ ਸੰਗੀਤ ਰਚਨਾਵਲੀਆਂ ਦੀ ਪੁਸਤਕ 'ਸ੍ਰੀ ਗੁਰੂ ਤੇਗ ਬਹਾਦਰ ਰਾਗ ਰਤਨਾਵਲੀ' 1977 ਵਿਚ ਪ੍ਰਕਾਸ਼ਿਤ ਹੋਈ। ਇਸ ਪੁਸਤਕ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਸੁਰਲਿਪੀ ਬੱਧ ਕੀਤਾ ਗਿਆ ਹੈ। ਇਸ ਦੇ ਅੰਤਰਗਤ 125 ਸ਼ਬਦ ਕੀਰਤਨ ਰਚਨਾਵਾਂ ਨੂੰ ਵੱਖ੍ਵੱਖ 26 ਰਾਗਾਂ ਵਿਚ ਤਾਲ ਬੱਧ ਕੀਤਾ ਗਿਆ ਹੈ। ਇਸ ਤੋਂ ਇਲਾਵਾ 1979 ਵਿਚ ਆਪ ਵਲੋਂ ਰਚੀ ਪੁਸਤਕ 'ਗੁਰੂ ਅਮਰਦਾਸ ਰਾਗ ਰਤਨਾਵਲੀ' ਵਿਚ ਗੁਰਮਤਿ ਸੰਗੀਤ ਦੀਆਂ 29 ਸ਼ਬਦ ਕੀਰਤਨ ਰਚਨਾਵਾਂ ਨਿਰਧਾਰਤ 24 ਰਾਗਾਂ ਅਧੀਨ ਸੁਰਲਿਪੀ ਬੱਧ ਹਨ। ਸੰਨ 1991 ਵਿਚ ਗੁਰਮਤਿ ਸੰਗੀਤ ਦੀ ਵਿਲੱਖਣ ਗਾਇਨ ਸ਼ੈਲੀ 'ਪੜਤਾਲ' ਤੇ ਆਪ ਦੀ ਪੁਸਤਕ 'ਪੜਤਾਲ ਗਾਇਕੀ' ਪ੍ਰਕਾਸ਼ਿਤ ਹੋਈ। ਇਸ ਪੁਸਤਕ ਵਿਚ ਨਿਰਧਾਰਤ 14 ਰਾਗਾਂ ਅਧੀਨ 55 ਪੜਤਾਲਾਂ ਰਚੀਆਂ ਗਈਆਂ। ਇਸੇ ਤਰ੍ਹਾਂ 1991 ਵਿਚ ਹੀ 'ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ' ਪ੍ਰਕਾਸ਼ਿਤ ਹੋਈ। ਇਸ ਪੁਸਤਕ ਦੇ ਅੰਤਰਗਤ ਕੁਲ 65 ਰਾਗਾਂ ਅਧੀਨ 66 ਸ਼ਬਦ ਕੀਰਤਨ ਰਚਨਾਵਾਂ ਅੰਕਿਤ ਹਨ। ਗੁਰਮਤਿ ਸੰਗੀਤ ਦੀ ਇਸੇ ਲੜੀ ਵਿਚ ਆਪ ਦੀ ਪੁਸਤਕ 'ਭਗਤ ਰਾਗ ਰਤਨਾਵਲੀ' 1992 ਵਿਚ ਪ੍ਰਕਾਸ਼ਿਤ ਹੋਈ। ਇਸ ਪੁਸਤਕ ਵਿਚ ਨਿਰਧਾਰਤ 31 ਰਾਗਾਂ ਦੇ ਅੰਤਰਗਤ 90 ਸ਼ਬਦ ਕੀਰਤਨ ਰਚਨਾਵਾਂ ਅੰਕਿਤ ਹਨ। ਸੰਨ 1993 ਵਿਚ ਆਪ ਦੀ ਪੁਸਤਕ 'ਸ੍ਰੀ ਗੁਰੂ ਅੰਗਦ ਦੇਵ ਰਾਗ ਰਤਨਾਵਲੀ' ਪ੍ਰਕਾਸ਼ਿਤ ਹੋਈ ਜਿਸ ਵਿਚ ਗੁਰੂ ਅੰਗਦ ਦੇਵ ਜੀ ਦੀ ਬਾਣੀ ਨੂੰ ਨਿਰਧਾਰਤ ਰਾਗਾਂ ਵਿਚ ਸੁਰਲਿਪੀ ਬੱਧ ਕੀਤਾ ਗਿਆ ਹੈ। ਇਸ ਪੁਸਤਕ ਵਿਚ 11 ਰਾਗਾਂ ਵਿਚ ਕੁਲ 62 ਸ਼ਬਦ ਕੀਰਤਨ ਰਚਨਾਵਾਂ ਅੰਕਿਤ ਹਨ। ਸੰਨ 1994 ਵਿਚ ਆਪ ਦੀ ਇਕ ਹੋਰ ਪੁਸਤਕ 'ਗੁਰੂ ਗੋਬਿੰਦ ਸਿੰਘ ਰਾਗ ਰਤਨਾਵਲੀ' ਪ੍ਰਕਾਸ਼ਿਤ ਹੋਈ ਜਿਸ ਵਿਚ ਦਸਮ ਗੁਰੂ ਦੀ ਬਾਣੀ ਨੂੰ 38 ਰਾਗਾਂ ਦੇ ਅੰਤਰਗਤ 50 ਸ਼ਬਦ ਕੀਰਤਨ ਰਚਨਾਵਾਂ ਵਿਚ ਸੁਰਲਿਪੀ ਬੱਧ ਕੀਤਾ ਗਿਆ ਹੈ। ਸੰਨ 1995 ਵਿਚ ਆਪ ਦੀ ਪੁਸਤਕ 'ਗੁਰੂ ਰਾਮਦਾਸ ਰਾਗ ਰਤਨਾਵਲੀ' ਪ੍ਰਕਾਸ਼ਿਤ ਹੋਈ। ਇਸ ਪੁਸਤਕ ਵਿਚ ਗੁਰੂ ਰਾਮਦਾਸ ਜੀ ਨਾਲ ਸਬੰਧਤ ਬਾਣੀ ਨੂੰ ਸੁਰਲਿਪੀ ਬੱਧ ਕੀਤਾ ਗਿਆ ਹੈ। ਇਸ ਪੁਸਤਕ ਵਿਚ 74 ਰਾਗਾਂ ਅਧੀਨ 293 ਸ਼ਬਦ ਕੀਰਤਨ ਰਚਨਾਵਾਂ ਅੰਕਿਤ ਹਨ। ਆਪ ਜੀ ਦੁਆਰਾ ਇਨ੍ਹਾਂ ਪੁਸਤਕਾਂ ਦੀਆਂ ਸ਼ਬਦ ਕੀਰਤਨ ਰਚਨਾਵਾਂ ਹਿਤ ਵੱਖ੍ਵੱਖ 16 ਤਾਲਾਂ ਨੂੰ ਪ੍ਰਯੋਗ ਕੀਤਾ ਗਿਆ ਹੈ। ਪ੍ਰੋ. ਸਾਹਿਬ ਦੇ ਕਾਰਜ ਦੀ ਵਿਸ਼ੇਸ਼ਤਾ ਰਹੀ ਹੈ ਕਿ ਇਸ ਕਾਰਜ ਹਿਤ ਆਪ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗੀਤ ਵਿਧਾਨ ਦਾ ਪੂਰਨ ਅਨੁਸਰਣ ਕੀਤਾ ਗਿਆ ਹੈ। ਇਸ ਤੋਂ ਇਲਾਵਾ ਆਪ ਦੇ ਅਪ੍ਰਕਾਸ਼ਿਤ ਖਰੜੇ 'ਗੁਰੂ ਨਾਨਕ ਰਾਗ ਰਤਨਾਵਲੀ', 'ਕਬੀਰ ਰਾਗ ਰਤਨਾਵੀ' ਆਦਿ ਵੀ ਉਪਲੱਬਧ ਹਨ ਜਿਨ੍ਹਾਂ ਵਿਚ ਗੁਰਮਤਿ ਸੰਗੀਤ ਦੀਆਂ ਅਨਮੋਲ ਸ਼ਬਦ ਕੀਰਤਨ ਰਚਨਾਵਾਂ ਦਰਜ ਹਨ। ਸਾਧਨਾਂ ਦੀ ਅਣਹੋਂਦ ਕਾਰਨ ਇਨ੍ਹਾਂ ਨੂੰ ਪ੍ਰਕਾਸ਼ਿਤ ਨਹੀਂ ਕਰਵਾਇਆ ਜਾ ਸਕਿਆ। ਉਕਤ ਕਾਰਜ ਤੋਂ ਆਪ ਵਲੋਂ ਗੁਰਮਤਿ ਸੰਗੀਤ ਦੇ ਖੇਤਰ ਵਿਚ ਕੀਤੀ ਸਖਤ ਤੇ ਕਰੜੀ ਸਾਧਨਾ ਦੇ ਪ੍ਰਤੱਖ ਦੀਦਾਰ ਹੋ ਜਾਂਦੇ ਹਨ।

ਪ੍ਰੋਫੈਸਰ ਤਾਰਾ ਸਿੰਘ ਵਲੋਂ ਆਪਣੀਆਂ ਸ਼ਬਦ ਕੀਰਤਨ ਰਚਨਾਵਾਂ ਵਿਚ ਪ੍ਰਯੁਕਤ ਇਨ੍ਹਾਂ ਸਿਧਾਤਾਂ ਨੂੰ ਕੇਵਲ ਪੁਸਤਕਾਂ ਵਿਚ ਹੀ ਵਰਣਿਤ ਨਹੀਂ ਕੀਤਾ ਸਗੋਂ ਵਿਹਾਰਕ ਪੱਧਰ 'ਤੇ ਆਪਣੇ ਵਿਦਿਆਰਥੀਆਂ ਨੂੰ ਸਿਖਲਾਈ ਦੇ ਕੇ ਗੁਰਮਤਿ ਸੰਗੀਤ ਦੇ ਟਕਸਾਲੀ ਸਰੂਪ ਨੂੰ ਸਟੇਜਾਂ ਉਤੇ ਵੀ ਸਫਲਤਾ ਪੂਰਵਕ ਪ੍ਰਦਸ਼ਿਤ ਕੀਤਾ। ਗੁਰਮਤਿ ਸੰਗੀਤ ਦੀ ਅਕਾਦਮਿਕ ਪੱਧਰ ਉਤੇ ਸਥਾਪਨਾ ਹੋਣਾ ਪ੍ਰੋਫੈਸਰ ਤਾਰਾ ਸਿੰਘ ਹੋਰਾਂ ਦੁਆਰਾ ਉਲੀਕੇ ਇਕ ਨਕਸ਼ੇ ਦੇ ਆਧਾਰ 'ਤੇ ਇਕ ਇਮਾਰਤ ਦੇ ਉਸਰਣ ਵਾਂਗ ਹੈ।

**ਬਾਨੀ ਤੇ ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਚੇਅਰ**
**ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ**

# ਸਬਦ ਕੀਰਤਨ ਪਰੰਪਰਾ : ਸਿਧਾਂਤ ਤੇ ਵਿਹਾਰ

ਪ੍ਰੋ. ਹਰਭਜਨ ਸਿੰਘ ਧਾਰੀਵਾਲ
ਸੀਨੀਅਰ ਰਿਸਰਚ ਫੈਲੋ, ਨਾਦ ਮਿਊਜ਼ਕ ਇੰਸਟੀਟਿਊਟ (ਯੂ.ਐਸ.ਏ)

**ਭੂਮਿਕਾ** – ਵੈਦਿਕ ਕਾਲ ਤੇ ਇਤਿਹਾਸਿਕ ਝਾਤ ਪਾਉਂਦਿਆਂ ਪਤਾ ਲਗਦਾ ਹੈ ਇਸ ਕਾਲ ਵਿੱਚ ਰਿਗਵੇਦ ਦੇ ਮੰਤ੍ਰਾਂ ਨੂੰ ਯੱਗਾਂ ਸਮੇ ਗਾਇਆ ਜਾਂਦਾ ਸੀ। ਤ੍ਰੇਤਾ ਯੁੱਗ ਵਿੱਚ ਦੇ ਮਹਾਂਕਾਵਿ ਰਾਮਾਇਣ ਨੂੰ ਗਾਉਣ ਦਾ ਢੰਗ ਸ੍ਰੀ ਰਾਮ ਦੇ ਪੁਤਰ ਲਵ ਤੇ ਕੁਸ਼ ਨੂੰ ਮਹਾਂਰਿਸ਼ੀ ਵਾਲਮਿਕ ਨੇ ਹੀ ਸਿਖਾਇਆ ਸੀ। ਦੁਆਪਰ ਯੁਗ ਦੇ ਮਹਾਂ ਕਾਵਿ ਮਹਾਂਭਾਰਤ ਵਿੱਚ ਕ੍ਰਿਸ਼ਨ ਮਹਾਰਾਜ 16 ਕਲਾਂ ਸੰਪੂਰਨ ਸਨ। "ਅਰਜਨ ਨੇ ਨਾਚ ਤੇ ਗਾਉਣ ਦਾ ਹੁਨਰ, ਗੰਧਰਵ ਚਿਤ੍ਰਸੇਨ ਦੇ ਪਿਤਾ 'ਵਿਸਵਾਸੁ' ਪਾਸੋਂ ਸਿਖਿਆ।"[1] ਗੀਤਾ ਵਿੱਚ ਭਗਵਾਨ ਕ੍ਰਿਸ਼ਨ ਨੇ ਨਾਰਦ ਨੂੰ ਕਿਹਾ ਕਿ "ਮੈਂ ਬੈਕੁੰਠ ਵਿੱਚ ਵਸਦਾ ਹਾਂ,ਨਾ ਹੀ ਯੋਗੀਆਂ ਦੇ ਹਿਰਦੇ ਵਿੱਚ ਟਿਕਦਾ ਹਾਂ, ਸਗੋਂ ਜਿੱਥੇ ਸ਼ਰਧਾ ਨਾਲ ਦ੍ਰਵੇ ਹੋਏ ਭਗ ਗਾਉਂਦੇ ਹੋਣ, ਹੇ ਨਾਰਦ! ਸ਼ਦਾ ਮੈਨੂੰ ਉਸੇ ਥਾਂ ਲਭਿਆ ਜਾ ਸਕਦਾ ਹੈ।"[2]

ਇਸ ਖੋਜ-ਪੱਤਰ "ਸਬਦ ਕੀਰਤਨ ਪਰੰਪਰਾ: ਸਿਧਾਂਤ ਤੇ ਵਿਹਾਰ" ਵਿੱਚ ਕੀਤਰਤਨ ਦੀ ਇਤਿਹਾਸਕ ਪੜਚੋਲ, ਸਿੱਖ ਧਰਮ ਵਿੱਚ ਕੀਰਤਨ ਦਾ ਵਿਕਾਸ, ਸਬਦ ਕੀਰਤਨ, ਕੀਰਤਨ ਸ਼ੈਲੀ, ਕੀਰਤਨ ਨਾਲ ਪ੍ਰਯੋਗ ਹੋਣ ਵਾਲੇ ਸਾਜ਼, ਨਿਰਧਾਰਤ ਰਾਗ ਦੀ ਪਰੰਪਰਾ, ਵਿਵਹਾਰਕ ਪੱਖ ਆਦਿ ਨੂੰ ਹਵਾਲਿਆਂ ਸਹਿਤ ਪੇਸ਼ ਕਰਦਿਆਂ ਅੰਤ ਵਿਚ ਸਾਰ ਅੰਸ਼ ਰਾਹੀ ਦੱਸਣ ਦੀ ਕੋਸ਼ਿਸ ਕੀਤੀ ਹੈ ਕਿ ਸਬਦ ਕੀਰਤਨ ਦੀ ਮਹਾਨ ਪਰੰਪਰਾ ਨੂੰ ਸਿਧਾਂਤਕ ਤੇ ਵਿਵਹਾਰਕ ਪੱਖੋਂ ਕੀਰਤਨੀਆਂ ਵਲੋਂ ਰਾਗ ਦੇ ਕਲਾਤਮਕ ਪ੍ਰਦਰਸ਼ਨ ਤੋਂ ਪ੍ਰਹੇਜ਼ ਕਰਦੇ ਹੋਏ ਸਬਦ ਦੇ ਭਾਵ ਅਰਥ ਨੂੰ ਮੁੱਖ ਰੱਖਣਾਂ ਚਾਹੀਦਾ ਹੈ ਅਤੇ ਨਿਰਧਾਰਤ ਰਾਗ ਵਿੱਚ ਹੀ ਕੀਰਤਨ ਕਰਨਾ ਚਾਹੀਦਾ ਹੈ। ਰਾਗ ਦੇ ਸਿਰਲੇਖ ਤੋਂ ਮੁਕਤ ਬਾਣੀ ਨੂੰ ਕਿਸੇ ਵੀ ਰਾਗ ਵਿੱਚ ਸਬਦ ਦੇ ਕਾਵਿ ਰਸ ਮੁਤਾਬਿਕ ਗਾਇਨ ਕੀਤਾ ਜਾ ਸਕਦਾ ਹੈ। ਤਾਲ ਦੇ ਸਿਧਾਂਤ ਮੁਤਾਬਿਕ ਖਾਲੀ ਮਾਤ੍ਰਾ ਨੂੰ ਗਾਇਨ ਸਮੇਂ ਖਾਲੀ ਹੀ ਰੱਖਣਾਂ ਚਾਹੀਦਾ ਹੈ ਭਾਵ ਕਿ ਖਾਲੀ ਮਾਤ੍ਰਾ ਤੇ ਗਾਉਂਦੇ ਅਤੇ ਨਿਰਧਾਰਤ ਤਾਲ ਦਾ ਠੇਕਾ ਵਜਾਉਂਦੇ ਸਮੇਂ ਖਾਲੀ ਮਾਤ੍ਰਾ ਤੇ ਕੋਈ ਬੋਲ ਨਾ ਆਵੇ ਤਾਂ ਕਿ ਤਾਲ ਦੀ ਚਾਲ ਬਰਕਰਾਰ ਰਹੇ। 'ਸਮ' ਗ੍ਰਹਿਣ ਕਰਦੇ ਸਮੇਂ ਸਬਦ ਦੇ ਬੋਲ ਨੂੰ ਸੰਧੀ ਛੇਦ ਨਾ ਕੀਤਾ ਜਾਏ ਤਾਂ ਕਿ ਸਬਦ ਦਾ ਭਾਵ ਅਰਥ ਸਪਸ਼ਟ ਸਮਝ ਆ ਸਕੇ।

ਇੱਹ ਖੋਜ-ਪੱਤਰ, "ਸ਼ਬਦ ਕੀਰਤਨ ਪਰੰਪਰਾ: ਸਿਧਾਂਤ ਤੇ ਵਿਹਾਰ" ਗੁਰੂ ਕਾਲ ਤੋਂ ਪਹਿਲਾਂ ਦੀ ਭਗਤੀ ਕੀਰਤਨ ਪਰੰਪਰਾ ਦਾ ਵਿਵੇਚਨ ਕਰਦਿਆਂ ਗੁਰੂ ਕਾਲ ਤੋਂ ਸ਼ੁਰੂ ਹੋ ਕਿ ਅਧੁਨਿਕ ਕਾਲ ਤਕ ਦੀ ਸਬਦ ਕੀਰਤਨ ਪਰੰਪਰਾ ਦੇ ਮਹੱਤਵਪੂਰਨ ਹਿੱਸਿਆਂ ਤੇ ਸ਼ਬਦ ਦੀ ਪ੍ਰਧਾਨਤਾ,ਸਿਧਾਂਤਕ ਤੇ ਤਰਕਸ਼ੀਲ ਦ੍ਰਿਸ਼ਟੀਕੋਣ ਤੋਂ ਰੋਸ਼ਨੀ ਪਾਉਣ ਕੋਸ਼ਿਸ਼ ਕਰੇਗਾ ।

**ਕੀਰਤਨ ਦੀ ਇਤਿਹਾਸਿਕ ਪੜਚੋਲ:**

ਮੇਰੇ ਖਿਆਲ ਵਿੱਚ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਤੇ ਸਮਕਾਲੀ ਭਗਤੀ ਕੀਰਤਨ ਪਰੰਪਰਾ ਦੀ ਇਤਿਹਾਸਿਕ ਪੜਚੋਲ ਕਰਨੀ ਜ਼ਰੂਰੀ ਕਾਰਜ ਵੀ ਬਣਦਾ ਹੈ ਕਿਉਂ ਕਿ ਕ੍ਰਿਸ਼ਨ ਭਗਤੀ ਸ਼ਾਖਾ, ਰਾਮ ਭਗਤੀ ਸ਼ਾਖਾ ਅਤੇ ਹਵੇਲੀ ਸੰਗੀਤ ਆਦਿ ਭਗਤੀ ਕੀਰਤਨ ਦੀਆਂ ਸ਼ਾਖਾਵਾਂ ਗੁਰੂ ਨਾਨਕ ਦੇਵ ਜੀ ਤੋਂ ਪਹਿਲਾ ਤੇ ਬਾਅਦ ਵਿੱਚ ਵੀ ਪ੍ਰਚਾਰ ਵਿੱਚ ਰਹੀਆਂ ਹਨ ।

ਸ੍ਰੀ ਮੱਦ ਭਾਗਵਤ ਵਿੱਚ ਭਗਤੀ ਦੇ 9 ਭੇਦ ਦੱਸੇ ਹਨ – ਸ੍ਰਵਣ, ਕੀਰਤਨ, ਸਿਮਰਨ, ਅਰਚਨਾਂ, ਬੰਦਨਾਂ, ਸਖਾ ਭਾਵ ਦਾਸ ਭਾਵ ਅਤੇ ਆਤਮ ਸਮਰਪਣ। ਇੱਨਾਂ ਵਿੱਚੋਂ ਕੀਰਤਨ ਭਗਤੀ ਨੂੰ ਸਰਵ ਸ੍ਰੇਸਟ ਮੰਨ ਕੇ ਵੈਸ਼ਨਵ ਅਤੇ ਭਗਤੀ ਸ਼ਾਖਾਵਾਂ ਵੱਲੋਂ ਪ੍ਰਭੂ ਦੀ ਭਗਤੀ ਕੀਰਤਨ ਰਾਹੀਂ ਕੀਤੀ ਜਾਂਦੀ ਸੀ। ਕੀਰਤਨ ਦੇ ਪ੍ਰਚਾਰ ਅਤੇ ਪ੍ਰਸਾਰ ਵਿੱਚ ਭਗਤੀ ਸ਼ਾਖਾਵਾਂ ਦਾ ਵੱਡਾ ਯੋਗਦਾਨ ਰਿਹਾ ਹੈ।

ਡਾ. ਰੁਦਰਮਣੀ ਦੇਵਗਨ ਆਪਣੇ ਲੇਖ 'ਮੱਧਕਲੀਨ ਰਾਮਭਗਤ ਸ਼ਾਖਾ ਵਿੱਚ ਕੀਰਤਨ ਸੰਗੀਤ ਪਰੰਪਰਾ' ਵਿੱਚ ਲਿਖਦੇ ਹਨ ਕਿ ਮੱਧ ਕਾਲ ਵਿੱਚ ਕੀਰਤਨ ਦੀ ਪ੍ਰਾਚੀਨ ਪਰੰਪਰਾ ਨੂੰ ਪੁਨਰ ਜੀਵਤ ਅਤੇ ਵਿਕਸਤ ਕਰਨ ਵਿੱਚ ਵਿਸ਼ੇਸ ਰੂਪ ਤੋਂ ਸਗੁਣ ਭਗਤੀ ਸ਼ਾਖਾ ਦੇ ਭਗਤਾਂ ਦੀ ਭੂਮਿਕਾ ਅਤਿਅੰਤ ਮੱਹਤਵਪੂਰਨ ਰਹੀ ਹੈ। ਕ੍ਰਿਸ਼ਨ ਭਗਤ ਸ਼ਾਖਾ ਵਿੱਚ ਸ੍ਰੀ ਵਲੱਭਚਾਰਿਯ ਅਤੇ ਰਾਮ ਭਗਤੀ ਸ਼ਾਖਾ ਵਿੱਚ ਸ੍ਰੀ ਰਾਮਾਂਨੰਦ ਨੇ ਕੀਰਤਨ ਭਗਤੀ ਦੀ ਪਰੰਪਰਾ ਨੂੰ ਪੁਨਰ ਜੀਵਤ ਕੀਤਾ। ਕ੍ਰਿਸਨ ਭਗਤੀ ਸ਼ਾਖਾ ਦੀ ਪੁਸ਼ਟਮਾਗੀਯ ਵੈਸ਼ਨਵ ਸੰਪਰਦਾ ਦੇ ਵਿਕਾਸ ਦਾ ਪ੍ਰਮੱਖ ਕਾਰਨ ਇੱਹ ਹੈ ਕਿ ਇੱਸ

ਸੰਪਰਦਾ ਵਿੱਚ ਭਗਤੀ ਸਾਧਨਾਂ ਲਈ ਕੀਰਤਨ ਸੇਵਾ ਨੂੰ ਉਤਮ ਕ੍ਰਿਆ ਦੇ ਰੂਪ ਵਿੱਚ ਮਹੱਤਵ ਦਿੱਤਾ ਗਿਆ ਹੈ। ਪੁਸ਼ਟੀਮਾਰਗੀਯ ਭਗਤੀ ਸਾਖਾ ਦੇ ਕੀਰਤਨਕਾਰਾਂ ਨੇ ਤਾਂ ਭਗਤੀ ਸੰਗੀਤ ਨੂੰ ਆਪਣੀ ਭਗਤੀ ਸਾਧਨਾਂ ਨਾਲ ਚੋਟੀ ਤੇ ਪਹੁੰਚਾ ਦਿੱਤਾ। ਇੰਨਾਂ ਭਗਤੀ ਸ਼ਾਖਾਵਾਂ ਦੇ ਕੀਰਤਨਕਾਰ ਉੱਤਮ ਵਾਗਿਆਕਾਰ ਅਤੇ ਗਾਇਕ ਸਨ। [3]

13ਵੀਂ ਸਦੀ ਵਿੱਚ ਰਾਮਭਗਤੀ ਸ਼ਾਖਾ ਦੇ ਸਵਾਮੀ ਰਾਮਾਨੰਦ ਵੈਸ਼ਨਵ ਸੰਪਰਦਾ ਦੇ ਰਾਮਾਨੁਜ ਸੰਪਰਦਾ ਦੇ ਰਾਮਾਂਨੰਦ ਅਤੇ ਉਨ੍ਹਾਂ ਦੇ ਚੇਲਿਆਂ ਅਤੇ ਰਸਿਕ ਸੰਪਰਦਾ ਕੀਰਤਨ ਦੇ ਪ੍ਰਚਾਰ-ਪ੍ਰਸਾਰ ਵਿੱਚ ਮਹੱਤਵਪੂਰਨ ਯੋਗਦਾਨ ਰਿਹਾ ਹੈ। ਇੰਨ੍ਹਾਂ ਦੇ ਕੀਰਤਨ ਦਾ ਢੰਗ ਧਰੂਵਪਦ ਵਰਗਾ ਹੁੰਦਾ ਸੀ। ਮ੍ਰਿਦੰਗ ਆਚਾਰੀਆ ਸਵਾਮੀ ਰਾਮਸ਼ੰਕਰ ਪਾਗਲਦਾਸ ਅਨੁਸਾਰ 'ਸੰਪਰਦਾ ਵਿੱਚ ਰਾਮਾਂਨੰਦੀ-ਧਰੂਵਪਦ ਦੀ ਗਾਇਨ ਪਰੰਪਰਾ ਸੀ ਅਤੇ ਅੱਜਕਲ ਕੀਰਤਨ ਦੇ ਰੂਪ ਵਿੱਚ ਭਜਨ (ਪੱਦ ਗਾਇਨ) ਆਦਿ ਪ੍ਰਚੱਲਤ ਹੈ। ਇੱਸ ਦਾ ਤਾਤਪ੍ਰਯ ਇੱਹ ਹੈ ਕਿ ਆਰੰਭ ਤੋਂ ਹੀ ਪੂਜਾ-ਅਰਚਾ ਵਿੱਚ ਸੰਗੀਤ ਦਾ ਮਹੱਤਵ ਰਿਹਾ ਹੈ।'[4]

"ਉੱਤਰ ਭਾਰਤੀ ਸੰਗੀਤ ਦੇ ਪ੍ਰਾਣ ਧਰੂਵਪਦਾਂ ਦੀ ਉੱਤਪਤੀ 'ਹਵੇਲੀ ਸੰਗੀਤ' ਨੂੰ ਹੀ ਮੰਨਿਆ ਗਿਆ ਹੈ। ਸੰਗੀਤ ਵਿਦਵਾਨ ਧਰੂਵਪਦ ਦੀ ਉਤਪੱਤੀ 16 ਸਦੀ ਵਿੱਚ ਰਾਜਾ ਮਾਨ ਸਿੰਘ ਨੂੰ ਮੰਨਦੇ ਹਨ, ਪ੍ਰੰਤੂ ਸਚਾਈ ਇੱਹ ਹੈ ਕਿ ਇੱਸ ਦੀ ਉਤਪਤੀ ਪੁਸ਼ਟਮਾਰਗੀਯ ਸੰਪਰਦਾ ਦੇ ਕੀਰਤਨ ਤੋਂ 15ਵੀਂ ਸਤਾਬਦੀ ਵਿੱਚ ਹੋਈ ਹੈ।"[5]

'ਹਵੇਲੀ ਸੰਗੀਤ' ਦੀ ਕੀਰਤਨ ਪਰੰਪਰਾ ਵਿੱਚ ਰਾਗ ਨੂੰ ਮੁੱਖ ਅਤੇ ਬਾਣੀ ਨੂੰ ਪ੍ਰਮੁੱਖ ਰੱਖਿਆ ਜਾਂਦਾ ਹੈ ਅਤੇ ਸਾਥ ਸੰਗਤ ਲਈ ਮ੍ਰਿਦੰਗ ਤਾਲ ਸਾਜ਼ ਦਾ ਪ੍ਰਯੋਗ ਕੀਤਾ ਜਾਦਾ ਹੈ। ਸ੍ਰੀ ਚਿਤਰੰਜਨ ਰਾਜਾ ਆਪਣੇ ਲੇਖ -'ਹਵੇਲੀ ਸੰਗੀਤ ਦੀ ਪਰੰਪਰਾ' ਵਿੱਚ ਲਿੱਖਦੇ ਹਨ ਕਿ -"ਧਰੂਵਪਦ ਹਵੇਲੀ ਵਿੱਚ ਹੀ ਪੈਦਾ ਅਤੇ ਵਿੱਕਸਤ ਹੋਇਆ ਜਿਸ ਵਿੱਚ ਸ਼ਬਦ ਦੇ ਭਾਵ ਨੂੰ ਵਿਅੰਜਤ ਕਰਦੇ ਹੋਏ ਬੋਲ ਦੇ ਦੁਆਰਾ ਵਿਸਥਾਰ ਕੀਤਾ ਜਾਂਦਾ ਹੈ। ਦੁੱਗਣ, ਚੌਗੁਣ, ਆੜ ਕੁਆੜ ਲਈ ਸਥਾਨ ਬਹੁੱਤ ਘੱਟ ਹੈ, ਬਲਕਿ ਹੈ ਹੀ ਨਹੀਂ, ਕਿਉਂ ਕਿ ਧਰੂਵਪਦ ਦੀ ਭਾਵਨਾ, ਸ਼ੀਤਲਤਾ ਤੇ ਗੰਭੀਰਤਾ ਨਸ਼ਟ ਹੁੰਦੀ ਹੈ।"[6]

ਵੈਸ਼ਨਵ ਸੰਪ੍ਰਦਾ ਦੇ ਕੀਰਤਨਕਾਰਾਂ ਵਲੋਂ ਰਾਗਾਂ ਵਿੱਚ ਭਗਤੀ ਦੇ ਕਾਵਿ ਪੱਦਿਆਂ ਨੂੰ ਗਾਇਆ ਜਾਂਦਾ ਸੀ। ਹਵੇਲੀ ਸੰਗੀਤ ਦੀ ਪਰੰਪਰਾ ਵਿੱਚ ਜਿੱਥੇ ਰਾਗ ਨੂੰ ਮੁੱਖ ਸਮਝਿਆ ਜਾਂਦਾ ਸੀ ਉੱਥੇ ਪਖਾਵਜ ਦਾ ਪ੍ਰਯੋਗ ਕੀਰਤਨ ਦਾ ਅਤੁੱਟ ਅੰਗ ਸੀ। ਪੁਸ਼ਟਮਾਰਗੀਯ ਸ਼ਾਖਾ ਦੇ ਭਗਤਾਂ ਵਲੋਂ ਉਚਾਰੇ ਗਏ 'ਪਦਾਂ' ਉਤੇ ਰਾਗ ਦੇ ਸਿਰਲੇਖ ਵੀ ਹੁੰਦੇ ਸਨ।

'8ਵੀਂ-9ਵੀਂ ਸਦੀ ਦੇ ਸਿਧਾਂ ਨਾਥਾਂ ਦੀ ਲਿਖੀ ਬਾਣੀ ਜੋ ਮਿਲਦੀ ਹੈ,ਉਸ ਉਤੇ ਵੀ ਰਾਗਾਂ ਦੇ ਸਿਰਲੇਖ ਦਿੱਤੇ ਗਏ ਹਨ।'[7]

ਡਾ. ਸਤਿੰਦਰ ਸਿੰਘ ਗੁਰਮਤਿ ਕਾਵਿ ਵਿਚ ਲਿੱਖਦੇ ਹਨ ਕਿ-" ਨਾਥਾਂ ਦੀ ਕਾਵਿ ਰਚਨਾਂ ਦੇ ਨਾਲ ਨਾਲ 8ਵੀਂ ਤੋਂ 10ਵੀਂ ਸਦੀ ਦੌਰਾਨ ਪੰਜਾਬੀ ਸਹਿਤ ਵਿੱਚ ਵਾਰਾ ਜਾਂ ਬੀਰਤਾ ਦੀ ਕਵਿਤਾ ਦੀ ਸਿਰਜਨਾ ਵੀ ਹੋਈ ਮੰਨੀ ਜਾਂਦੀ ਹੈ। ਨਾਥਾਂ ਦੀ ਰਚਨਾਂ ਵਿੱਚ ਆਮ ਲੋਕਾ ਦਾ ਜੀਵਨ ਚਿੱਤ੍ਰਨ ਅਤੇ ਉਨ੍ਹਾਂ ਲਈ ਜੀਵਨ ਉਪਦੇਸ਼ ਪੇਸ਼ ਹੋਇਆ ਹੈ ਜਦ ਕਿ ਵਾਰਾ ਵਿੱਚ ਰਾਜਿਆਂ ਮਹਾਂਰਾਜਿਆਂ, ਜੋਧਿਆਂ ਤੇ ਸੁਰਬੀਰਾਂ ਦੀਆਂ ਲੜਾਈਆਂ ਤੇ ਬਹਾਦਰੀ ਦੇ ਕਾਰਨਾਮਿਆਂ ਦਾ ਵਰਨਣ ਹੈ।"[8]

13ਵੀਂ ਸਦੀ ਵਿੱਚ ਸੂਫੀ ਫਕੀਰ ਬਾਬਾ ਸ਼ੇਖ ਫਰੀਦ ਜੀ ਦੀ ਬਾਣੀ ਅਤੇ ਸਲੋਕ ਜੋ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ ਕੀਰਤਨ ਪਰੰਪਰਾ ਦਾ ਖੁਲਾਸਾ ਕਰਦੇ ਹਨ -

ਤੇਰੀ ਪਨਹਿ ਖੁਦਾਇ ਤੂ ਬਖਸੰਦਗੀ ॥ ਸੇਖ ਫਰੀਦੈ ਖੈਰੁ ਦੀਜੈ ਬੰਦਗੀ ॥

(ਆਸਾ,ਸੇਖ ਫਰੀਦ ਜੀ ,ਪੰਨਾਂ -488)

13ਵੀਂ -14ਵੀਂ ਸਦੀ ਨੂੰ ਭਗਤੀ ਲਹਿਰ ਦਾ ਕ੍ਰਾਂਤੀਕਾਰੀ ਦੌਰ ਸਮਝਿਆ ਜਾਦਾ ਹੈ। ਇਸ ਸਮੇਂ ਭਗਤ ਰਾਮਾਨੰਦ, ਭਗਤ ਕਬੀਰ, ਭਗਤ ਨਾਮਦੇਵ, ਭਗਤ ਰਵਿਦਾਸ, ਭਗਤ ਸੂਰਦਾਸ, ਮੀਰਾਂ ਅਤੇ ਭਗਤ ਬੇਣੀ ਆਦਿ ਨੇ ਧਾਰਮਿਕ ਸਮਾਜ ਵਿੱਚ ਇੱਕ ਨਵੀਂ ਚੇਤਨਾ ਭਰ ਦਿੱਤੀ।

**ਸਿੱਖ ਧਰਮ ਵਿੱਚ ਕੀਰਤਨ ਤੇ ਵਿਕਾਸ :**

ਗੁਰੂ ਨਾਨਕ ਦੇਵ ਜੀ ਦੇ ਆਗਮਨ (1469) ਸਮੇਂ ਦੀ ਸਮਾਜਿਕ,ਧਾਰਮਿਕ ਅਤੇ ਰਾਜਨੈਤਿਕ ਹਾਲਾਤ

ਬਹੁਤ ਹੀ ਚਿੰਤਾ ਜਨਕ ਸੀ। ਗੁਰੂ ਜੀ ਮਹਾਨ ਦਾਰਸ਼ਨਿਕ, ਚਿੰਤਕ, ਸਮਾਜ ਸੁਧਾਰਕ, ਕ੍ਰਾਂਤੀਕਾਰੀ, ਕਵੀ ਅਤੇ ਮਹਾਨ ਸੰਗੀਤਕਾਰ ਹੋਏ ਹਨ। ਸਿੱਖ ਧਰਮ ਵਿੱਚ ਕੀਰਤਨ ਦੀ ਬੁਨਿਆਦ ਗੁਰੂ ਨਾਨਕ ਦੇਵ ਜੀ ਵਲੋਂ ਰੱਖੀ ਗਈ। ਗੁਰੂ ਜੀ ਨੇ ਉੱਤਰੀ ਅਤੇ ਦੱਖਣੀ ਰਾਗਾਂ ਵਿੱਚ ਕੁੱਲ 36 ਰਾਗਾਂ ਵਿੱਚ ਬਾਣੀ ਰਚੀ ਅਤੇ ਗਾਇਨ ਕੀਤੀ ਜੋ ਗੁਰੂ ਨਾਨਕ ਦੇਵ ਜੀ ਦੇ ਉਚਕੋਟੀ ਦੇ ਸੰਗੀਤਕਾਰ ਹੋਣ ਦਾ ਪ੍ਰਤੱਖ ਪ੍ਰਮਾਣ ਹੈ। ਗੁਰੂ ਨਾਨਕ ਦੇਵ ਜੀ ਨੇ ਲੋਕਾਈ ਨੂੰ ਸਿੱਧੇ ਰਸਤੇ ਪਾਉਣ ਲਈ ਉਪਦੇਸ਼ ਦਾ ਮਾਧਿਅਮ ਕੀਰਤਨ ਅਪਣਾਇਆ ਅਤੇ ਪ੍ਰਚਾਰ ਫੇਰੀਆਂ ਦੌਰਾਨ ਰਬਾਬੀ ਭਾਈ ਮਰਦਾਨੇ ਨੂੰ ਨਾਲ ਰੱਖਿਆ।

ਇਕ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ । ( ਭਾਈ ਗੁਰਦਾਸ,ਵਾਰ 1,ਪੌੜੀ 35)

ਭਲਾ ਰਬਾਬ ਵਜਾਇੰਦਾ ਮਜਲਸ ਮਰਦਾਨਾ ਮੀਰਾਸੀ ।(ਭਾਈ ਗੁਰਦਾਸ,ਵਾਰ 11,ਪੌੜੀ 13)

ਤੇਰੇ ਗੁਣ ਗਾਵਾ ਦੇਹਿ ਬੁਝਾਈ॥ ਜੈਸੇ ਸਚ ਮਹਿ ਰਹਉ ਰਜਾਈ॥ (ਬਿਲਾਵਲ ,ਮ:1,ਪੰਨਾਂ:795)

ਗੁਰੂ ਨਾਨਕ ਦੇਵ ਜੀ ਪਹਿਲੇ ਕੀਰਤਨੀਏ ਆਪ ਹੀ ਸਨ। ਗੁਰੂ ਜੀ ਦੇ ਇਲਾਹੀ ਕੀਰਤਨ ਨੇ ਸੱਜਣ ਠੱਗ ਅਤੇ ਕੌਡੇ ਰਾਖਸ਼ ਵਰਗੇ ਰਾਖਸ਼ਿਸ ਨੂੰ ਸਿੱਧੇ ਰਸਤੇ ਪਾਇਆ। ਗੁਰੂ ਅੰਗਦ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਅਤੇ ਗੁਰੂ ਤੇਗ ਬਹਾਦੁਰ ਜੀ ਵਲੋਂ ਵੀ ਗੁਰੂ ਨਾਨਕ ਦੇਵ ਜੀ ਵਲੋ ਆਰੰਭੀ ਨਿਰਮਾਣ ਕੀਰਤਨ ਦੀ ਪਰੰਪਰਾ ਨੂੰ ਜਾਰੀ ਰੱਖਦਿਆ ਵਡੇਰਾ ਯੋਗਦਾਨ ਪਾਇਆ।

ਗੁਰੂ ਆਸ਼ੇ ਮੁਤਾਬਿਕ 15 ਭਗਤਾਂ ਦੀ ਵਿਚਾਰਧਾਰਕ ਬਾਣੀ ਇੱਕਤਰ ਕਰਕੇ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੀਤੀ ਗਈ ਹੈ ਜੋ ਸਾਂਝੀਵਾਲਤਾ ਦੇ ਪ੍ਰਤੀਕ ਵਜੋਂ ਇੱਕ ਇਤਿਹਾਸਕ ਘਟਨਾਂ ਸੀ। ਬਾਬਾ ਫ਼ਰੀਦ ਜੀ ਨੂੰ ਛੱਡ ਕੇ ਬਾਕੀ ਦੇ 14 ਭਗਤ ਵੈਸ਼ਨਵ ਸੰਪਰਦਾ ਦੇ ਸਨ।

**ਸ਼ਬਦ ਕੀਰਤਨ :**

ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾਂ॥ (ਕਾਨੜਾ, ਮ: 5, ਪੰਨਾਂ: 1298)

'ਕੀਰਤਿ' ਤੋਂ ਭਾਵ ਹੈ – ਜੱਸ,ਸੋਭਾ,ਵਡਿਆਈ ਜਾਂ ਗੁਣਾਂ ਦਾ ਗਾਇਨ ਕਰਨਾ ਹੈ ।

ਜੋਗੁ ਬਨਿਆ ਤੇਰਾ ਕੀਰਤਨੁ ਗਾਈ ॥ ( ਆਸਾ ਮ:5, ਪੰਨਾਂ: 385)

ਡਾ. ਸਰਚੰਦਰ ਪਰਾਂਜਪੇ ਅਨੁਸਾਰ– 'ਭਗਵਾਨ ਦੇ ਨਾਮ ਗੁਣ ਅਤੇ ਕਰਮਾਂ ਦਾ ਸਵਰ ਅਤੇ ਲੈਅ ਦੇ ਨਾਲ ਗਾਇਨ ਕਰਨਾ ਕੀਰਤਨ ਹੈ।'[9]

ਡਾ. ਗੁਰਨਾਮ ਸਿੰਘ ਜੀ ਅਨੁਸਾਰ –'ਸਬਦ ਕੀਰਤਨ ਉਸ ਪ੍ਰਮਾਤਮਾਂ ਦਾ ਕੇਵਲ ਗੁਣ ਜਾਂ ਨਾਮ ਰਟਨ ਹੀ ਨਹੀਂ ਸਗੋਂ ਇੱਸ ਦੁਆਰਾ ਮਨ ਵਿੱਚ ਬਾਣੀ-ਸਤ ਦਾ ਪ੍ਰਕਾਸ਼ ਵੀ ਹੋਣਾਂ ਹੈ।' [10]

ਪ੍ਰੋ. ਹਰਭਜਨ ਸਿੰਘ ਧਾਰੀਵਾਲ (ਲੇਖਕ) ਅਨੁਸਾਰ – 'ਗੁਰਬਾਣੀ ਨੂੰ ਰਾਗ ਰੂਪੀ ਗਿਲਾਫ਼ ਪਹਨਾਂ ਕੇ ਲੈਅ ਅਤੇ ਤਾਲ ਬੱਧ ਕਰਕੇ ਸਬਦ ਭਾਵ ਦੀ ਪ੍ਰਧਾਨਤਾ ਨੂੰ ਮੁੱਖ ਰੱਖਦੇ ਹੋਏ ਗਾਉਣ ਦੀ ਕਿਰਿਆ ਸਬਦ ਕੀਰਤਨ ਹੈ।'[11]

ਗੁਰਬਾਣੀ ਗਾਇਨ ਕਰਨ ਵਾਲੇ ਨੂੰ ਗੁਰੂ ਸਾਹਿਬ ਕੀਰਤਨੀਆ ਕਰਕੇ ਸੰਬੋਧਨ ਕਰਦੇ ਹਨ –

ਭਲੋ ਭਲੋ ਰੇ ਕੀਰਤਨੀਆ॥ ਰਾਮ ਰਮਾ ਰਾਮਾ ਗੁਨ ਗਾਉ॥ ਛੋਡਿ ਮਾਇਆ ਕੇ ਧੰਧ ਸੁਆਓ ॥

(ਰਾਮਕਲੀ ਮ: 5,ਪੰਨਾਂ:885)

**ਕੀਰਤਨ ਸ਼ੈਲੀ :** ਡਾ.ਰੂਬੀ ਵਿੱਗ ਆਪਣੇ ਖੋਜ-ਪੱਤਰ ਹਿੰਦੁਸਤਾਨੀ ਸੰਗੀਤ ਅਤੇ ਗੁਰਬਾਣੀ ਸੰਗੀਤ ਦਾ ਤੁਲਨਾਤਮਕ ਅਧਿਐਨ ਵਿੱਚ ਲਿਖਦੇ ਹਨ ਕਿ "ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚ ਸੱਭ ਤੋਂ ਵੱਧ ਪਦ ਗਾਇਨ ਸ਼ੈਲੀ ਨੂੰ ਪ੍ਰਯੋਗ ਵਿੱਚ ਲਿਆਂਦਾ ਗਿਆ,ਜਿਸ ਨੂੰ ਕਿ ਪ੍ਰਧਾਨ ਸ਼ੈਲੀ ਦਾ ਨਾਮ ਵੀ ਦਿੱਤਾ ਗਿਆ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਪਦ ਸ਼ੈਲੀ ਵਿੱਚ ਰਹਾਉ ਦੀ ਤੁਕ ਨੂੰ ਧਰੁਪਦ ਦੀ ਜਗ੍ਹਾ 'ਧਰੁਵਾ' ਦਾ ਨਾਮ ਵੀ ਦਿੱਤਾ ਗਿਆ ਹੈ। ਸਬਦਾਂ ਦੀਆਂ ਬਾਕੀ ਤੁੱਕਾ ਦੇ ਅੰਤ ਵਿੱਚ 1,2,3 ਦੇ ਰੂਪ ਵਿੱਚ ਅੰਕ, ਸਥਾਈ, ਅੰਤਰਾ, ਸੰਚਾਰੀ ਅਤੇ ਆਭੋਗ ਧਰੁਪਦ ਦੇ ਨਿਯਮਾਂ ਅਨੁਸਾਰ ਹੀ ਕਾਰਜਸ਼ੀਲ ਰਹਿੰਦੇ ਹਨ। ਗੁਰਬਾਣੀ ਵਿੱਚ ਪ੍ਰਯੋਗ ਕੀਤੇ ਗਏ ਦੁਪਦੇ, ਤਿਪਦੇ ਆਦਿ ਧਰੁਪਦ ਅੰਗ ਨਹੀਂ ਹਨ ਪ੍ਰੰਤੂ ਇਨ੍ਹਾਂ ਦਾ ਪ੍ਰਯੋਗ ਧਰੁਪਦ ਅੰਗ ਨਾਲ ਹੀ ਕੀਤਾ ਜਾਂਦਾ ਹੈ।"[12]

ਗੁਰੂ ਕਾਲ ਵੇਲੇ ਧਰੂਵਪਦ-ਧਮਾਰ ਗਾਇਨ ਸ਼ੈਲੀ ਸ਼ਿਖਰਾਂ ਤੇ ਸੀ। ਜਿਸ ਦਾ ਪ੍ਰਯੋਗ ਵੈਸ਼ਨਵ ਭਗਤਾਂ ਵਲੋਂ ਕੀਰਤਨ ਵਿੱਚ

ਗੁਰੂ ਕਾਲ ਤੋਂ ਕਾਫੀ ਸਮੇਂ ਬਾਅਦ ਰਬਾਬੀਆਂ / ਰਾਗੀਆਂ ਵਲੋਂ ਨਿਰਧਾਰਤ ਰਾਗ ਦੀ ਕੀਰਤਨ ਪਰੰਪਰਾ ਨੂੰ ਅੱਖੋਂ ਪਰੋਖੇ ਕੀਤਾ ਜਾਣ ਲੱਗਾ। ਆਸਾ ਦੀ ਵਾਰ ਨੂੰ ਵੀ ਭਾਰਤੀ ਸੰਗੀਤ ਦੇ ਰਾਗਾਂ ਵਿੱਚ ਗਾਉਣ ਦੀ ਗਲਤ ਰਿਵਾਇਤ ਚਲ ਪਈ। ਅਨੇਕਾਂ ਵਿਦਵਾਨਾਂ ਨੇ ਕੀਰਤਨ ਤੇ ਕਿਤਾਬਾਂ ਲਿਖੀਆਂ ਪਰ ਉਨਾਂ ਵਿੱਚ ਬਹੁੱਤ ਸਾਰੀਆਂ ਸਬਦ ਲਿਪੀਆਂ ਵੀ ਭਾਰਤੀ ਰਾਗਾਂ ਵਿੱਚ ਹਨ। ਕੀਰਤਨੀਏ ਸਿੰਘ ਕੀਰਤਨ ਚੌਕੀ ਵਿੱਚ ਪਹਿਲਾ ਸਬਦ ਨਿਰਧਾਰਤ ਰਾਗ ਵਿੱਚ ਗਾਇਨ ਕਰਨਗੇ ਫਿਰ ਸਬਦਾਂ ਨੂੰ ਅਪਣੀ ਮਨ ਮਰਜ਼ੀ ਦੇ ਰਾਗਾਂ ਵਿੱਚ ਗਾਇਨ ਕਰਦੇ ਹਨ। ਸੰਤ ਬਾਬਾ ਸੁੱਚਾ ਸਿੰਘ ਬਾਨੀ ਜਵੱਦੀ ਟਕਸਾਲ ਵਲੋਂ ਕੀਰਤਨ ਦੀ ਨਿਰਧਾਰਤ ਰਾਗ ਪਰੰਪਰਾ ਨੂੰ ਮੁੜ ਜੀਵਤ ਕਰਨ ਦਾ ਕਾਰਜ 1992 ਤੋਂ ਅੰਰਭਿਆ ਜੋ ਅਜੇ ਵੀ ਜਾਰੀ ਹੈ ਜੋ ਸ਼ਲਾਘਾ ਯੋਗ ਉਪਰਾਲਾ ਹੈ।

ਰਾਗ ਦੇ ਸਿਰਲੇਖ ਅਧੀਨ ਬਾਣੀ ਨੂੰ ਨਿਰਧਾਰਤ ਰਾਗ ਵਿੱਚ ਹੀ ਗੁਰੂ ਸਾਹਿਬਾਂ ਨੇ ਗਾਇਨ ਕਰਨ ਦੀ ਤੋਗੀਦ ਕੀਤੀ ਹੈ। ਜਿਹੜੀ ਬਾਣੀ ਰਾਗ ਦੇ ਸਿਰਲੇਖ ਤੋਂ ਮੁਕਤ ਹੈ ਉਹ ਬਾਣੀ ਕੀਰਤਨੀਆਂ ਵਲੋਂ ਸਮਰੱਥਾ ਮੁਤਾਬਿਕ ਕਿਸੇ ਵੀ ਰਾਗ ਵਿੱਚ ਸਬਦ ਦੇ ਭਾਵ ਅਤੇ ਰਸ ਮੁਤਾਬਿਕ ਗਾਇਨ ਕੀਤੀ ਜਾ ਸਕਦੀ ਹੈ।

**ਵਿਵਹਾਰਕ ਪੱਖ :**

ਸਮੁੱਚਾ ਸੰਗੀਤ ਤਾਲ ਦੇ ਬੰਧਨ ਵਿੱਚ ਹੈ। ਤਾਲ ਇੱਕ ਅਨੁਸ਼ਾਸਨ ਹੈ ਜੋ ਬੰਦਿਸ਼ ਨੂੰ ਸੀਮਤ ਦਾਇਰੇ ਵਿੱਚ ਰੱਖਦਾ ਹੈ। ਸੰਗੀਤ ਵਿੱਚ 'ਸਮ' ਦੀ ਮਾਤ੍ਰਾ ਦਾ ਵਿਸ਼ੇਸ਼ ਮਹੱਤਵ ਹੈ ਜਿਸ ਤੇ ਜ਼ੋਰ ਦਿੱਤਾ ਜਾਂਦਾ ਹੈ। ਗਾਇਕ ਵਾਦਕ ਤਾਲ ਚੱਕਰ ਪੂਰਾ ਕਰਦੇ ਹੋਏ ਜਦੋਂ 'ਸਮ'ਗ੍ਰਹਿਣ ਕਰਦੇ ਹਨ ਤਾਂ ਸਰੋਤਿਆ ਨੂੰ ਆਪ ਮੁਹਾਰੇ ਸਬਦ ਦਾ ਅਰਥ ਸਪਸ਼ਟ ਹੁੰਦਿਆਂ ਅਨੰਦ ਦੀ ਅਨੁਭੂਤੀ ਹੁੰਦੀ ਹੈ।

ਕੀਰਤਨ ਕਰਦੇ ਸਮੇਂ 'ਸਮ'ਦੀ ਮਾਤ੍ਰਾ ਤੇ ਸਬਦ ਦੇ ਬੋਲ ਦਾ ਪਹਿਲਾ ਅੱਖਰ 'ਸਮ' ਦੀ ਮਾਤ੍ਰਾ ਤੇ ਆਵੇ ਤਾਂ ਕਿ ਸਬਦ ਦਾ ਅਰਥ ਸਪਸ਼ਟ ਹੋ ਜਾਵੇ। ਬੋਲ ਨੂੰ ਸੰਧੀ ਛੇਦ ਨਾ ਕੀਤਾ ਜਾਏ। ਬੋਲ ਨੂੰ ਸੰਧੀ ਛੇਦ ਕਰਨ ਨਾਲ ਸਬਦ ਦੇ ਅਰਥ, ਬੇ-ਅਰਥ ਹੋ ਜਾਂਦੇ ਹਨ। ਉਦਾਹਰਣ ਦੇ ਤੌਰ ਤੇ ਕਲਿਆਨ ਰਾਗ ਦਾ ਸਬਦ ਹੈ - ਪ੍ਰਭੁ ਮੇਰਾ ਅੰਤਰਜਾਮੀ ਜਾਣੁ ॥ ਕੁੱਝ ਕੀਰਤਨੀਏ ਇੱਸ ਸਬਦ ਨੂੰ ਤਿੰਨ ਤਾਲ ਵਿੱਚ ਗਾਉਂਦੇ ਸਮੇਂ 'ਅੰਤਰਜਾਮੀ' ਬੋਲ ਨੂੰ ਸੰਧੀ-ਛੇਦ ਕਰਕੇ 'ਜਾਮੀ 'ਤੇ 'ਸਮ' ਨੂੰ ਗ੍ਰਹਿਣ ਕਰਦੇ ਹਨ। ਹੁਣ 'ਜਾਮੀ' ਬੋਲ ਦਾ ਸਬਦ ਮੁਤਾਬਿਕ ਕੋਈ ਅਰਥ ਹੀ ਨਹੀ ਬਣਦਾ। ਇੱਸ ਲਈ 'ਅੰਤਰਜਾਮੀ' ਬੋਲ ਦੇ ਪਹਿਲੇ ਅੱਖਰ 'ਅ' ਤੋਂ 'ਸਮ' ਗ੍ਰਹਿਣ ਕਰਨ ਨਾਲ ਸਬਦ ਗਾਇਨ ਕਰਦੇ ਸਮੇਂ ਅਰਥ ਸਪਸ਼ਟ ਹੋ ਜਾਏਗਾ। ਇਸੇ ਤਰ੍ਹਾਂ ਬਸੰਤ ਰਾਗੁ ਦੇ ਸਬਦ 'ਨਾਨਕ ਤਿਨਾ ਬਸੰਤ ਹੈ ' ਨੂੰ ਗਾਇਨ ਕਰਦੇ ਸਮੇਂ ਰਾਗੀ ਸਿੰਘ 'ਬਸੰਤ' ਬੋਲ ਨੂੰ ਸੰਧੀ-ਛੇਦ ਕਰਕੇ 'ਸੰਤ' ਅੱਖਰ ਤੇ 'ਸਮ' ਨੂੰ ਗ੍ਰਹਿਣ ਕਰਦੇ ਹਨ। ਹੁਣ 'ਸੰਤ' ਅੱਖਰ ਦਾ ਸਬਦ ਮੁਤਾਬਿਕ ਕੋਈ ਅਰਥ ਹੀ ਨਹੀ ਬਣਦਾ। ਪਰ ਜਦੋਂ ਬਸੰਤ ਬੋਲ ਦੇ 'ਬ' ਅੱਖਰ ਤੋਂ ਜਦੋਂ 'ਸਮ' ਗ੍ਰਹਿਣ ਕਰਾਂਗੇ ਤਾਂ ਸਬਦ ਦਾ ਅਰਥ ਸਪਸ਼ਟ ਹੋ ਜਾਏਗਾ। ਇੱਹ ਨੁੱਕਤਾ ਬੜੀ ਬਾਰੀਕੀ ਨਾਲ ਸਮਝਣ ਵਾਲ਼ਾ ਹੈ। ਸੋ ਕੀਰਤਨ ਕਰਦਿਆਂ ਸਬਦ ਭਾਵੇਂ ਕਿਸੇ ਵੀ ਤਾਲ ਵਿੱਚ ਲੈਅ-ਬੱਧ ਹੋਵੇ 'ਸਮ' ਨੂੰ ਗ੍ਰਹਿਣ ਕਰਦੇ ਸਮੇਂ ਬੋਲ ਦੇ ਪਹਿਲੇ ਅੱਖਰ ਤੋਂ ਹੀ ਗ੍ਰਹਿਣ ਕਰਨਾ ਚਾਹੀਦਾ ਹੈ। ਜਿਸ ਨਾਲ ਸਬਦ ਦਾ ਭਾਵ-ਅਰਥ ਵੀ ਸਪਸ਼ਟ ਸਮੱਝ ਆਉਂਦਾ ਰਹੇ।

**ਸਾਰ ਅੰਸ਼ :**

ਵੈਦਿਕ ਕਾਲ ਤੋਂ ਹੀ ਵੇਦਾਂ ਦੇ ਮੰਤ੍ਰਾਂ ਨੂੰ ਗਾਇਨ ਰੂਪ ਵਿੱਚ ਉਚਾਰਿਆ ਗਿਆ ਹੈ। ਨੌਂ ਪ੍ਰਕਾਰ ਦੀ ਭਗਤੀ ਵਿੱਚੋਂ ਕੀਰਤਨ ਭਗਤੀ ਨੂੰ ਪ੍ਰਮੁੱਖ ਮੰਨਿਆ ਗਿਆ ਹੈ। ਮੱਧ-ਕਾਲ ਵਿਚ ਕੀਰਤਨ ਦੇ ਪ੍ਰਚਾਰ ਪ੍ਰਸਾਰ ਵਿੱਚ ਵੈਸ਼ਨਵ ਸੰਪਰਦਾ ਦੀ ਰਾਮਭਗਤੀ, ਕ੍ਰਿਸ਼ਨ ਭਗਤੀ ਅਤੇ ਹਵੇਲੀ ਸੰਗੀਤ ਆਦਿ ਕੀਰਤਨ ਸ਼ਾਖਾਵਾਂ ਦੀ ਅਹਿਮ ਭੂਮਿਕਾ ਰਹੀ ਹੈ। ਇਨ੍ਹਾਂ ਦੀ ਕੀਰਤਨ ਸ਼ੈਲੀ ਧਰੂਵਪਦ ਅੰਗ ਦੀ ਹੈ ਜਿਸ ਵਿੱਚ ਰਾਗ ਦੀ ਬਜਾਏ ਕਾਵਿ ਪਦਿਆਂ ਨੂੰ ਪ੍ਰਮੁੱਖ ਰੱਖਿਆ ਜਾਂਦਾ ਹੈ ਅਤੇ ਪਖਾਵਜ ਸਾਜ ਦਾ ਪ੍ਰਯੋਗ ਕੀਤਾ ਜਾਂਦਾ ਹੈ। ਭਗਤੀ ਲਹਿਰ ਦੇ ਭਗਤਾਂ ਨੇ ਕੀਰਤਨ ਭਗਤੀ ਵਿੱਚ ਕ੍ਰਾਤੀਕਾਰੀ ਮੋੜ ਲਿਆਂਦਾ। ਪੰਦਰਵੀਂ ਸਦੀ ਦੇ ਉਤੱਰਕਾਲ ਵਿੱਚ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਅਗਿਆਨਤਾ ਦੇ ਹਨੇਰੇ ਵਿੱਚ ਪਹੁੰਚ ਚੁੱਕੇ ਸਮਾਜ ਨੂੰ ਜਾਤਪਾਤ, ਵਹਿਮਾਂ ਭਰਮਾਂ ਅਤੇ ਮੂਰਤੀ ਪੂਜਾ ਆਦਿ ਦਾ ਖੰਡਨ ਕਰਦੇ ਹੋਏ ਲੋਕਾਈ ਨੂੰ ਖਸਮ ਦੀ ਬਾਣੀ ਰਾਹੀਂ ਨਿਰਬਾਣ ਕੀਰਤਨ ਦੇ ਜ਼ਰੀਏ ਇੱਕ ਅਕਾਲ ਪੁਰਖ ਦੀ ਭਗਤੀ ਨਾਲ ਜੋੜਿਆ। ਆਪਣੀਆ ਪ੍ਰਚਾਰ ਫੇਰੀਆਂ ਦੌਰਾਨ ਰਬਾਬੀ ਭਾਈ ਮਰਦਾਨੇ ਨੂੰ ਨਾਲ ਰੱਖਿਆ। ਗੁਰਬਾਣੀ ਵਿੱਚ ਦੋਪਦੇ, ਤਿਪਦੇ, ਚੌਪਦੇ ਅਤੇ ਅਸ਼ਟਪਦੇ (ਅਸ਼ਟਪਦੀਆਂ) ਆਦਿ ਕਾਵਿ ਪ੍ਰਬੰਧ, ਗੁਰਬਾਣੀ ਵਿੱਚ ਰਬਾਬ ਤੇ ਮ੍ਰਿਦੰਗ/ਪਖਾਵਜ ਦਾ ਪ੍ਰਯੋਗ ਅਤੇ ਪੁਰਾਤਨ ਕੀਰਤਨੀਆਂ ਦੀ ਧਰੂਵਪਦ ਅੰਗ ਸ਼ੈਲੀ ਆਦਿ ਸਾਬਿਤ ਕਰਦੀਆਂ ਹਨ ਕਿ ਗੁਰੂ ਕਾਲ ਦੀ ਕੀਰਤਨ ਸ਼ੈਲੀ ਧਰੂਵਪਦ ਅੰਗ ਦੀ ਹੋਵੇਗੀ। ਗੁਰੂ ਸਹਿਬਾਨਾਂ ਨੇ ਲੋਕ ਸੰਗੀਤ ਦੀ ਵਾਰ ਗਾਇਕੀ ਅਤੇ ਹੋਰ ਲੋਕ ਸ਼ੈਲੀਆਂ ਨੂੰ ਵੀ ਪ੍ਰਯੋਗ ਵਿੱਚ

ਪਖਾਵਜ ਦੇ ਸਾਥ ਨਾਲ ਕੀਤਾ ਜਾਂਦਾ ਰਿਹਾ ਹੈ। ਲੋਕ ਸ਼ੈਲੀਆਂ ਤੋਂ ਇਲਾਵਾ ਗੁਰੂ ਸਾਹਿਬਾਨਾਂ ਅਤੇ ਸਿੱਖ ਰਾਗੀਆਂ/ਰਬਾਬੀਆਂ ਵਲੋਂ ਧਰੂਵਪਦ ਸ਼ੈਲੀ ਨੂੰ ਵੀ ਅਪਨਾਇਆ ਗਿਆ। ਧਰੂਵਪਦ ਸ਼ੈਲੀ ਵਿੱਚ ਰਾਗ ਨਾਲੋਂ ਸਬਦ ਦੀ ਪ੍ਰਮੁੱਖਤਾ ਵਧੇਰੇ ਰਹਿੰਦੀ ਹੈ ਅਤੇ ਪਖਾਵਜ ਤਾਲ ਸਾਜ਼ ਦਾ ਪ੍ਰਯੋਗ ਹੁੰਦਾ ਹੈ।

ਘਰਿ ਘਰਿ ਬਾਬਾ ਗਾਵੀਐ ਵਜਨਿ ਤਾਲ ਮ੍ਰਿਦੰਗ ਰਬਾਬਾ ॥ (ਭਾਈ ਗੁਰਦਾਸ ,ਵਾਰ 24,ਪੌੜੀ 4)

ਰਬਾਬੁ ਪਖਾਵਜ ਤਾਲ ਘੁੰਘਰੂ ਅਨਹਦ ਸਬਦੁ ਵਜਾਵੈ ॥ (ਆਸਾ ਮ:5, ਪੰਨਾਂ: 381)

ਇੰਨਾਂ ਉਪਰੋਕਤ ਸਬਦਾਂ ਵਿੱਚ ਮ੍ਰਿਦੰਗ /ਪਖਾਵਜ ਦਾ ਜ਼ਿਕਰ ਸਾਬਤ ਕਰਦਾ ਹੈ ਕਿ ਗੁਰਬਾਣੀ ਨੂੰ ਧਰੂਵਪਦ ਸ਼ੈਲੀ ਵਿੱਚ ਹੀ ਗਾਇਆ ਜਾਂਦਾ ਸੀ ਕਿਉਂ ਕਿ ਪਖਾਵਜ ਦਾ ਪ੍ਰਯੋਗ ਕੇਵਲ ਧਰੂਵਪਦ-ਧਮਾਰ ਸ਼ੈਲੀ ਨਾਲ ਹੀ ਕੀਤਾ ਜਾਂਦਾ ਹੈ।

ਕੀਰਤਨ ਦੀ ਧਰੂਵਪਦ ਸ਼ੈਲੀ ਦਾ ਦੂਜਾ ਪ੍ਰਮਾਣ ਸਾਡੇ ਬਜ਼ੁਰਗ ਕੀਰਤਨੀਆਂ ਨੂੰ ਗੁਰਬਾਣੀ ਦੇ ਸਬਦਾਂ ਦੀਆਂ ਅਨੇਕਾਂ ਧਰੂਵਪਦ ਅੰਗ ਦੀਆਂ ਬੰਦਿਸ਼ਾਂ ਯਾਦ ਹਨ ਜੋ ਗੁਰੂ ਦਰਬਾਰ ਵਿੱਚ ਗਾਇਨ ਕਰਦੇ ਰਹੇ ਹਨ ਜਿਨ੍ਹਾਂ ਦੇ ਨਾਮ ਕੁਝ ਇਸ ਪ੍ਰਕਾਰ ਹਨ- ਭਾਈ ਸਾਂਈ ਦਿੱਤਾ, ਭਾਈ ਲਾਲ, ਭਾਈ ਸੰਤਾ ਸਿੰਘ, ਪ੍ਰੋ. ਦਰਸ਼ਨ ਸਿੰਘ ਕੋਮਲ, ਬਾਬਾ,ਬਾਬਾ ਜਵਾਲਾ ਸਿੰਘ, ਭਾਈ ਸਮੁੰਦ ਸਿੰਘ, ਧਰੂਪਦੀਏ ਬਾਬਾ ਉਤਮ ਸਿੰਘ, ਧਰੂਪਦੀਏ ਪੰ.ਨੱਥੂ ਰਾਮ, ਭਾਈ ਗੁਰਚਰਨ ਸਿੰਘ, ਭਾਈ ਅਵਤਾਰ ਸਿੰਘ, ਭਾਈ ਗਿਆਨ ਸਿੰਘ ਐਬਟਾਬਾਦ, ਪ੍ਰਿੰਸੀਪਲ ਦਿਆਲ ਸਿੰਘ, ਭਾਈ ਬਲਬੀਰ ਸਿੰਘ ਅੰਮ੍ਰਿਤਸਰ ਅਤੇ ਪ੍ਰਿੰਸੀਪਲ ਚੰਨਣ ਸਿੰਘ ਮਜਬੂਰ ਆਦਿ।

ਤੀਸਰਾ ਧਰੂਵਪਦ ਸ਼ੈਲੀ ਦੇ ਕੀਰਤਨ ਦਾ ਪ੍ਰਮਾਣ ਨਾਮਧਾਰੀ ਸੰਪਰਦਾ ਵਲੋਂ ਵੀ ਧਰੂਵਪਦ ਅੰਗ ਦੇ ਕੀਰਤਨ ਦੀਆਂ ਪੁਰਾਤਨ ਬੰਦਿਸ਼ਾ ਨੂੰ ਸੰਭਾਲਿਆ ਤੇ ਪ੍ਰਚਾਰਿਆ ਜਾ ਰਿਹਾ ਹੈ।

ਕੀਰਤਨ ਦੀ ਸ਼ੈਲੀ ਸੰਬਧੀ ਡਾ.ਅਜੀਤ ਸਿੰਘ ਪੇਂਟਲ ਆਪਣੇ ਖੋਜ-ਪੱਤਰ ਭਾਰਤੀ ਸੰਗੀਤ ਪਰੰਪਰਾ ਨੂੰ ਪੰਜਾਬ ਦੀ ਦੇਣ ਵਿੱਚ ਲਿੱਖਦੇ ਹਨ ਕਿ, "ਪੰਜਾਬ ਦੇ ਧਾਰਮਿਕ ਪਿੜ ਵਿੱਚ ਵੀ ਧ੍ਰੁਵਪਦ ਸ਼ੈਲੀ ਨੇ ਸਦੀਆਂ ਤੱਕ ਆਪਣੀ ਪੂਰੀ ਛੱਤਰ ਛਾਇਆ ਰੱਖੀ। ਬਹੁਤ ਸਮੇਂ ਤਕ ਖਿਆਲ ਸ਼ੈਲੀ ਦਾ ਬਹੁਤਾ ਪ੍ਰਚਾਰ ਨਹੀਂ ਸੀ, ਭਲੇ ਹੀ ਇੱਸ ਦਾ ਸੰਬਧ ਜੋਨਪੁਰ ਦੇ ਦਰਬਾਰ ਨਾਲ ਕਿਉਂ ਨਾ ਜੋੜਿਆ ਜਾਵੇ । ਉਸ ਕਾਲ ਵਿੱਚ ਧਾਰਮਿਕ ਸੰਗੀਤ ਅਰਥਾਤ ਭਜਨ, ਕੀਰਤਨ ਆਦਿ, ਸ਼ਾਸ਼ਤਰੀ ਪ੍ਰਣਾਲੀ ਉਪਰ ਕੀਤੇ ਜਾਣ ਵਾਲੇ ਗਾਇਨ ਵਿੱਚ ਨਿਸਚੈ ਹੀ ਧਰੂਪਦ ਸ਼ੈਲੀ ਦਾ ਗਾਇਨ ਹੀ ਕੀਤਾ ਜਾਂਦਾ ਰਿਹਾ ਹੋਵੇਗਾ। ਇੱਸ ਵਿੱਚ ਕੋਈ ਸ਼ੱਕ ਨਹੀ ਕਿ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਲੰਬੇ ਸਮੇਂ ਬਾਅਦ ਤੱਕ ਸਿੱਖ ਹਰਿ ਕੀਰਤਨ ਧਰੂਵਪਦ ਸੈਲੀ ਵਿਚ ਹੀ ਹੁੰਦਾ ਰਿਹਾ ਸੀ। ਇੱਹ ਵੀ ਮੁਮਕਿਨ ਹੈ ਕਿ ਵਿਲੰਬਿਤ ਖਿਆਲ ਨਾਲ ਕਾਫੀ ਮਿਲਦੀ ਜੁਲਦੀ ਧਰੂਵਪਦ ਵਿੱਚ ਵੀ ਕੀਰਤਨ ਕੀਤਾ ਜਾਂਦਾ ਰਿਹਾ ਹੋਵੇਗਾ ਕਿਉ ਕਿ ਲੇਖਕਾਂ ਅਨੁਸਾਰ ਖਿਆਲ ਗਾਇਨ ਦਾ ਅਵਸ਼ਕਾਰ ਜੋਨਪੁਰ ਸੁਲਤਾਨ ਹੁਸੈਨ ਸ਼ਾਹ ਸ਼ਰਕੀ ਦੇ ਕਾਲ ਵਿੱਚ ਹੋਇਆ ਸੀ। ਲਿਖਤਾਂ ਦੀ ਅਣਹੋਂਦ ਦੇ ਕਾਰਨ ਧਰੂਵਪਦ ਸ਼ੈਲੀ ਵਿੱਚ ਕੀਰਤਨ ਹੋਣ ਦੀ ਗੱਲ ਕਾਫੀ ਤਰਕਸ਼ੀਲ ਲਗਦੀ ਹੈ। ਇੱਸ ਤਰਾਂ ਪੰਜਾਬ ਵਿੱਚ ਧਰੂਵਪਦ ਸ਼ੈਲੀ ਦੇ ਪ੍ਰਚਾਰ ਤੇ ਪ੍ਰਸਾਰ ਵਿੱਚ ਸਿੱਖ ਕੀਰਤਨੀ ਪ੍ਰੰਪਰਾ ਦੁਆਰਾ ਮਹੱਤਵਪੂਰਨ ਯੋਗਦਾਨ ਦਿੱਤਾ ਗਿਆ। ਇੱਸ ਵਿੱਚ ਸ਼ੱਕ ਦੀ ਕੋਈ ਥਾਂ ਨਹੀ। ਕੀਰਤਨ ਰਾਹੀਂ ਧਰੂਵਪਦ ਸ਼ੈਲੀ ਦੀ ਵਰਤੋਂ ਦਾ ਇੱਕ ਭਰੋਸੇਯੋਗ ਪ੍ਰਮਾਣ ਇੱਹ ਵੀ ਹੈ ਕਿ ਅੱਜ ਵੀ ਬਹੁੱਤ ਸਾਰੇ ਰਾਗੀਆਂ ਨੂੰ ਧਰੂਵਪਦ ਸ਼ੈਲੀ ਵਿੱਚ ਗਾਏ ਅਨੇਕਾਂ ਸਬਦ ਯਾਦ ਹਨ ਜੋ ਉਨਾਂ ਨੂੰ ਪ੍ਰੰਪਰਾਗਤ ਰੂਪ ਵਿੱਚ ਆਪਣੇ ਬਜ਼ੁਰਗ ਪੂਰਵਜ ਰਾਗੀਆਂ ਤੋਂ ਪ੍ਰਾਪਤ ਹੋਏ।"[13]

**ਕੀਰਤਨ ਨਾਲ ਪ੍ਰਯੋਗ ਹੋਣ ਵਾਲੇ ਸਾਜ਼ :**

ਗੁਰਬਾਣੀ ਵਿੱਚ ਆਮ ਤੌਰ ਤੇ ਰਬਾਬ ਤੇ ਪਖਾਵਜ ਆਦਿ ਸਾਜਾਂ ਦਾ ਕੀਰਤਨ ਨਾਲ ਪ੍ਰਯੋਗ ਹੋਣ ਦਾ ਜਿਕਰ ਆਉਂਦਾ ਹੈ। ਕੁੱਝ ਵਿਦਵਾਨਾਂ ਦੇ ਮੁਤਾਬਿਕ ਸਰੰਦਾ ਅਤੇ ਤਾਊਸ ਸਾਜ ਗੁਰੂ ਸਾਹਿਬਾਨਾਂ ਅਤੇ ਰਾਗੀਆਂ /ਰਬਾਬੀਆਂ ਵਲੋਂ ਪ੍ਰਯੋਗ ਹੋਏ ਹਨ। ਇਤਿਹਾਸ ਮੁਤਾਬਿਕ ਗੁਰੂ ਤੇਗ ਬਹਾਦਰ ਜੀ ਮ੍ਰਿਦੰਗ ਆਚਾਰੀਆਂ ਹੋਏ ਹਨ। "ਬੰਗਾਲ ਦੀ ਯਾਤ੍ਰਾ ਸਮੇਂ ਨੌਵੇਂ ਗੁਰੂ ਜੀ ਦਾ ਮ੍ਰਿਦੰਗ ਉਨਾਂ ਦੇ ਨਾਲ ਸੀ ਜੋ ਉਨਾਂ ਨੇ ਇੱਕ ਸਿੱਖ ਨੂੰ ਬਖਸ਼ਿਆ ਸੀ।"[14]

ਅਠਾਰਵੀਂ ਸਦੀ ਤੋਂ ਧਰੂਵਪਦ ਅੰਗ ਦੇ ਕੀਰਤਨ ਨਾਲ 'ਉੱਖਲੀ-ਧਾਂਮਾ' ਸਾਜ ਦਾ ਪ੍ਰਯੋਗ ਹੁੰਦਾ ਰਿਹਾ ਹੈ, ਜਿਸ ਨੂੰ ਸਿੱਖ ਸੰਗੀਤ ਵਿੱਚ 'ਜੋੜੀ'ਵੀ ਕਿਹਾ ਜਾਂਦਾ ਹੈ। ਅਜੋਕੇ ਸਮੇਂ ਵਿੱਚ ਤੰਬੂਰਾ, ਦਿਲਰੁਬਾ, ਹਾਰਮੋਨੀਅਮ, ਤਬਲਾ, ਆਦਿ ਕੀਰਤਨ ਵਿੱਚ ਪ੍ਰਯੋਗ ਹੋ ਰਹੇ ਹਨ। ਇਨ੍ਹਾਂ ਵਿੱਚੋਂ ਕੀਰਤਨ ਦੇ ਵਿਕਾਸ ਅਤੇ ਪ੍ਰਚਾਰ ਵਿੱਚ ਹਾਰਮੋਨੀਅਮ ਦਾ ਵਿਸ਼ੇਸ ਯੋਗਦਾਨ ਹੈ। ਟਕਸਾਲਾਂ ਅਤੇ ਸੰਸਥਾਵਾਂ ਵਲੋਂ ਤੰਤੀ ਸਾਜਾ ਦੀ ਸਿੱਖਲਾਈ ਦੇ ਵਿਸ਼ੇਸ ਪ੍ਰਬੰਧ ਹੋ ਰਹੇ ਹਨ ਪਰ ਧਰੂਵਪਦ ਅੰਗ ਦੇ ਕੀਰਤਨ ਅਤੇ ਪਖਾਵਜ ਦੀ ਸਿਖਲਾਈ ਬਾਰੇ ਇਨ੍ਹਾਂ ਸੰਸਥਾਵਾਂ ਨੂੰ ਕਦੋ ਸੁਰਤ ਆਏਗੀ ?

**ਨਿਰਧਾਰਤ ਰਾਗ ਦੀ ਪਰੰਪਰਾ :**

ਲਿਆਂਦਾ। ਸਬਦ ਕੀਰਤਨ ਦੀ ਮਹਾਨ ਪਰੰਪਰਾ ਨੂੰ ਸਿਧਾਂਤਕ ਅਤੇ ਵਿਵਹਾਰਕ ਪੱਖੋਂ ਕੀਰਤਨੀਆਂ ਵਲੋਂ ਕੀਰਤਨ ਦੌਰਾਨ ਰਾਗ ਦੇ ਕਲਾਤਮਕ ਪ੍ਰਦਰਸ਼ਨ ਤੋਂ ਪ੍ਰਹੇਜ ਕਰਦੇ ਹੋਏ ਸਬਦ ਦੇ ਭਾਵ-ਅਰਥ ਨੂੰ ਪ੍ਰਮੱਖ ਰੱਖਣਾਂ ਚਾਹੀਦਾ ਹੈ ਅਤੇ ਨਿਰਧਾਰਤ ਰਾਗ ਵਿੱਚ ਹੀ ਕੀਰਤਨ ਕਰਨਾ ਚਾਹੀਦਾ ਹੈ। ਰਾਗ ਦੇ ਸਿਰਲੇਖ ਤੋਂ ਮੁਕਤ ਬਾਣੀ ਕਿਸੇ ਵੀ ਰਾਗ ਵਿੱਚ ਸਬਦ ਦੇ ਕਾਵਿ ਰਸ ਮੁਤਾਬਿਕ ਗਾਇਨ ਕੀਤੀ ਜਾ ਸਕਦੀ ਹੈ। ਤਾਲ ਦੇ ਸਿਧਾਂਤ ਮੁਤਾਬਿਕ ਖਾਲੀ ਮਾਤ੍ਰਾ ਨੂੰ ਗਾਇਨ ਸਮੇਂ ਖਾਲੀ ਹੀ ਰੱਖਣਾਂ ਚਾਹੀਦਾ ਹੈ ਭਾਵ ਖਾਲੀ ਮਾਤ੍ਰਾ ਤੇ ਕੋਈ ਬੋਲ ਨਾ ਆਵੇ ਤਾਂ ਕਿ ਤਾਲ ਦੀ ਚਾਲ ਬਰਕਰਾਰ ਹੀ ਰਹੇ। 'ਸਮ' ਗ੍ਰਹਿਣ ਕਰਦੇ ਸਮੇਂ ਸਬਦ ਦੇ ਬੋਲ ਨੂੰ ਸੰਧੀ ਛੇਦ ਨਾ ਕੀਤਾ ਜਾਏ ਤਾਂ ਕਿ ਸਬਦ ਦਾ ਅਰਥ ਭਾਵ ਸਪਸ਼ਟ ਸਮਝ ਆ ਸਕੇ। ਕੀਰਤਨ ਵਿੱਚ ਤੰਤੀ ਸਾਜਾਂ ਦੇ ਨਾਲ ਪਖਾਵਜ ਸਾਜ ਦਾ ਪ੍ਰਯੋਗ ਜ਼ਰੂਰ-ਬਰ-ਜ਼ਰੂਰ ਕੀਤਾ ਜਾਏ। ਸਮੂੰਹ ਟਕਸਾਲਾ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅਤੇ ਦੇਸ਼ ਵਿਦੇਸ਼ ਦੀਆਂ ਧਾਰਮਿਕ ਸੰਸਥਾਵਾਂ ਨੂੰ ਧਰੂਵਪਦ ਅੰਗ ਦੈ ਕੀਰਤਨ ਅਤੇ ਪਖਾਵਜ ਦੀ ਸਿਖਲਾਈ ਦੇ ਪ੍ਰਬੰਧ ਕਰਨੇ ਚਾਹੀਦੇ ਹਨ। ਆਖਿਰ ਵਿੱਚ ਉਮੀਦ ਕਰਦਾ ਹਾਂ ਕਿ ਇਹ ਖੋਜ-ਪੱਤਰ ਕੀਰਤਨ ਦੇ ਖੋਜ ਵਿਦਿਆਰਥੀਆਂ, ਸੰਗੀਤ ਪ੍ਰੇਮੀਆਂ ਅਤੇ ਕੀਰਤਨੀਆਂ ਲਈ ਫ਼ਾਇਦੇਮੰਦ ਸਾਬਿਤ ਹੋਵੇਗਾ।

**ਸੰਦਰਭ ਸੂਚੀ**


1. ਸਿੱਖ ਸੰਗੀਤ ਦਾ ਵਿਕਾਸ, ਪੰਨਾਂ:52,ਡਾ. ਦਵਿੰਦਰ ਸਿੰਘ ਵਿਦਿਆਰਥੀ, ਸਿੱਖ ਇਤਿਹਾਸ ਖੋਜ ਵਿਭਾਗ ,ਖਾਲਸਾ ਕਾਲਜ ਅੰਮ੍ਰਿਤਸਰ।
2. ਉਹੀ ……. ਪੰਨਾਂ: 85।
3. ਸੰਗੀਤ ਅੰਕ-2001,ਪੰਨਾਂ:38, ਸੰਗੀਤ ਕਾਰਆਲਯ ਹਾਥਰਸ ਯੂ.ਪੀ
4. ਉਹੀ ………ਪੰਨਾਂ: 42
5. ਨਿਬੰਧ ਸੰਗੀਤ ,ਪੰਨਾਂ: 513, ਸੰਪਾਦਕ ਡਾ. ਲਕਸ਼ਮੀ ਨਾਰਾਇਣ ਗਰਗ, ਸੰਗੀਤ ਕਾਰਆਲਯ ਹਾਥਰਸ ਯੂ.ਪੀ।
6. ਉਹੀ ………ਪੰਨਾਂ: 514
7. Indian Music(1898),page 315,B.A,Pingle
8. ਖੋਜ-ਪਤ੍ਰਿਕਾ-ਗੁਰਮਤਿ ਕਾਵਿ ਅੰਕ-26,ਪੰਨਾਂ:176, ਪਬਲੀਕੇਸ਼ਨ ਬਿਊਰੋ ਪੰ.ਯੂ ਪਟਿਆਲਾ।
9. ਸੰਗੀਤ ਅੰਕ-2001,ਪੰਨਾਂ:39,ਸੰਗੀਤ ਕਾਰਆਲਯ ਹਾਥਰਸ ,ਯੂ.ਪੀ।
10. ਗੁਰਮਤਿ ਸੰਗੀਤ ਅਧੁਨਿਕ ਪਰਿਪੇਖ ,ਸੰਪਾਦਿਕ ਪ੍ਰਿੰਸੀਪਲ ਸੁਖਵੰਤ ਸਿੰਘ।
11. ਉਹੀ ……. ਪੰਨਾਂ: 267
12. ਉਹੀ ……. ਪੰਨਾਂ: 22
13. ਪੰਜਾਬ ਦੀ ਭਾਰਤ ਨੂੰ ਦੇਣ, ਪੰਨਾਂ: 56, ਪਬਲੀਕੇਸ਼ਨ ਬਿਊਰੋ, ਪੰ.ਯੂ. ਪਟਿਆਲਾ।
14. ਸਿੱਖ ਸੰਗੀਤ ਦਾ ਵਿਕਾਸ,ਪੰਨਾਂ:98, ਡਾ.ਦਵਿੰਦਰ ਸਿੰਘ ਵਿਦਿਆਰਥੀ, ਸਿੱਖ ਇੱਤਿਹਾਸ ਖੋਜ ਵਿਭਾਗ ,ਖਾਲਸਾ ਕਾਲਜ ਅੰਮ੍ਰਿਤਸਰ।



**# 340, ਸੰਗੀਤ ਵਿਲਾਸ, ਬੇਦੀ ਕਲੋਨੀ, ਧਾਰੀਵਾਲ**

**ਜਿਲ੍ਹਾ: ਗੁਰਦਾਸਪੁਰ, ਪੰਜਾਬ (ਭਾਰਤ)**

**ਫੋਨ: + 91-98143 49658**

Mail: harbhajansinghdhariwal@gmail.com

# ਤਿੰਨ ਤਾਲ: ਕਾਇਦਾ ਸੀਰੀਜ਼

**ਪ੍ਰੋਫ਼ੈਸਰ ਹਰਭਜਨ ਸਿੰਘ**

**ਧਾਰੀਵਾਲ**

(ਲਾਹੌਰ ਬਾਜ, ਪੰਜਾਬ ਘਰਾਣਾ)

ਤਬਲਾ ਵਿਦਿਆਰਥੀਆਂ ਲਈ ਲੜੀਵਾਰ ਤਿੰਨ ਤਾਲ ਕਾਇਦਾ ਸੀਰੀਜ਼ ਅਧੀਨ ਕਾਇਦਾ ਨੰ: 04 ਦੇ ਰਿਹਾ ਹਾਂ ਜਿਸ ਦਾ ਇਜ਼ਾਫ਼ਾ 10 ਬੰਧਾਂ (ਪਲਟਿਆਂ)ਤਹਿਤ ਹੈ ਅਤੇ ਆਖ਼ਿਰ ਵਿੱਚ ਕਾਇਦੇ ਦਾ ਮੁਕਾਮ ਚਕਰਦਾਰ ਹੈ ਜਿਸ ਦੇ ਤਿੰਨ ਪੱਲੇ ਹਨ। ਤਿੰਨਾ ਪੱਲਿਆਂ ਵਿੱਚ ਬੇਦਮ ਤੀਆ ਹੈ। ਤਿਟ ਅਤੇ ਨ ਬੋਲ ਚਲ ਬੋਲ ਹੈ। ਕਾਇਦੇ ਦਾ ਜੋੜ ਅਤੇ ਰਦੀਫ਼ ਮਜ਼ੇਦਾਰ ਹੈ। ਇਸ ਕਾਇਦੇ ਦੇ ਰਿਆਜ਼ ਨਾਲ ਸਫ਼ੈਦੀ, ਸਿਆਹੀ ਅਤੇ ਬਾਏ ਤੇ ਅਧਿਕਾਰ ਹੋ ਜਾਂਦਾ ਹੈ। ਕਾਇਦੇ ਦੇ ਨਿਕਾਸ ਜਾਂ ਹੋਰ ਜਾਣਕਾਰੀ ਲਈ ਸਿੱਖਿਆਰਥੀ ਮੈਨੂੰ ਫੋਨ ਕਰ ਸਕਦੇ ਹਨ।

**ਕਾਇਦਾ ਨੰ: 04**

ਧਾੜਾ ਘੇਘੇ ਨਗ ਤਿਟ, ਧਾਗੇ ਨ੍ਤਿ ਨ੍ਤਿ ਨਕ ।
ਤਾੜਾ ਕੇਕੇ ਨਕ ਤਿਟ, ਧਾਗੇ ਨ੍ਧਿ ਨ੍ਧਿ ਨਗ ॥

**ਦੋਹਰਾ**

ਧਾੜਾਘੇਘੇ ਨਗਤਿਟ ਧਾੜਾਘੇਘੇ ਨਗਤਿਟ, ਧਾੜਾਘੇਘੇ ਨਗਤਿਟ ਧਾਗੇਨ੍ਤਿ ਨ੍ਤਿਨਕ ।
ਤਾੜਾਕੇਕੇਨਕਤਿਟ ਤਾੜਾਕੇਕੇ ਨਕਤਿਟ, ਧਾੜਾਘੇਘੇ ਨਗਤਿਟ ਧਾਗੇਨ੍ਧਿ ਨ੍ਧਿਨਗ ॥

**ਬੰਧ # 1**

ਧਾੜਾਘੇਘੇ ਨਗਤਿਟ ਤਿਟਧਾੜਾ ਘੇਘੇਨਗ, ਧਾੜਾਘੇਘੇ ਨਗਤਿਟ ਧਾਗੇਨ੍ਤਿ ਨ੍ਤਿਨਕ ।
ਤਾੜਾਕੇਕੇ ਨਕਤਿਟ ਤਿਟਤਾੜਾ ਕੇਕੇਨਕ, ਧਾੜਾਘੇਘੇ ਨਗਤਿਟ ਧਾਗੇਨ੍ਧਿ ਨ੍ਧਿਨਗ ॥

**ਬੰਧ # 2**

ਤਿਟਤਿਟ ਧਾੜਾਘੇਘੇ ਨਗਧਾੜਾ ਘੇਘੇਨਗ,ਧਾੜਾਘੇਘੇ ਨਗਤਿਟ ਧਾਗੇਨ੍ਤਿ ਨ੍ਤਿਨਕ ।
ਤਿਟਤਿਟ ਤਾੜਾਕੇਕੇ ਨਕਤਾੜਾ ਕੇਕੇਨਕ, ਧਾੜਾਘੇਘੇ ਨਗਤਿਟ ਧਾਗੇਨ੍ਧਿਨ੍ਧਿਨਗ ॥

**ਬੰਧ # 3**

ਤਿਟਤਿਟ ਧਾੜਾਘੇਘੇ ਨਗਧਾੜਾ ਘੇਘੇਨਗ, ਧਾੜਾਘੇਘੇ ਨਗਤਿਟ ਧਾਗੇਨ੍ਤਿ ਨ੍ਤਿਨਕ ।
ਤਿਟਤਿਟ ਤਾੜਾਕੇਕੇ ਨਕਤਾੜਾ ਕੇਕੇਨਕ ਧਾੜਾਘੇਘੇ ਨਗਤਿਟ ਧਾਗੇਨ੍ਧਿ ਨ੍ਧਿਨਗ ॥

**ਬੰਧ # 4**

ਧਾਗੇਨ੍ਤਿ ਟਧਾਗੇਨ੍ ਧਾੜਾਘੇਘੇ ਨਗਤਿਟ, ਧਾੜਾਘੇਘੇ ਨਗਤਿਟ ਧਾਗੇਨ੍ਤਿ ਨ੍ਤਿਨਕ ।
ਤਾਕੇਨ੍ਤਿ ਟਤਾਕੇਨ੍ ਤਾੜਾਕੇਕੇ ਨਕਤਿਟ, ਧਾੜਾਘੇਘੇ ਨਗਤਿਟ ਧਾਗੇਨ੍ਧਿ ਨ੍ਧਿਨਗ ॥

**ਬੰਧ # 5**

ਤਿਟਤਿਟ ਧਾਗੇਨ੍ਤਿ ਟਧਾਗੇਨ ਤਿਟਤਿਟ੍ ਧਾੜਾਘੇਘੇਨਗਤਿਟ ਧਾਗੇਨ੍ਤਿਨ੍ਤਿਨਕ ।
ਤਿਟਤਿਟ ਤਾਕੇਨ੍ਤਿ ਟਤਾਕੇਨ੍ ਤਿਟਤਿਟ,ਧਾੜਾਘੇਘੇ ਨਗਤਿਟ ਧਾਗੇਨ੍ਧਿ ਨ੍ਧਿਨਗ ॥

**ਬੰਧ # 6**

ਧਾੜਾਘੇਘੇ ਨਗਤਿਟ ਤਿਟਧਾੜਾ ਘੇਘੇਨਗ ਤਿਟਤਿਟ ਤਿਟਤਿਟ ਧਾਗੇਨ੍ਤਿ ਨ੍ਤਿਨਕ ।
ਤਾੜਾਕੇਕੇ ਨਕਤਿਟ ਤਿਟਤਾੜਾ ਕੇਕੇਨਕ ਤਿਟਤਿਟ ਤਿਟਤਿਟ ਧਾਗੇਨ੍ਧਿ ਨ੍ਧਿਨਗ ॥

**ਬੰਧ # 7**

ਤਿਟਤਿਟ ਤਿਟਤਿਟ ਧਾੜਾਘੇਘੇ ਨਗਧਾੜਾ, ਘੇਘੇਨਗ ਤਿਟਤਿਟ ਧਾਗੇਨ੍ਤਿ ਨ੍ਤਿਨਕ।
ਤਿਟਤਿਟ ਤਿਟਤਿਟ ਤਾੜਾਕੇਕੇ ਨਕਤਾੜਾ, ਘੇਘੇਨਗ ਤਿਟਤਿਟ ਧਾਗੇਨ੍ਧਿ ਨਧਿਨਗ ॥

**ਬੰਧ # 8**

ਧਾੜਾਘੇਘੇ ਨਗਤਿਟ ਤਿਟ- ਘੇਘੇਨਗ, ਤਿਟਤਿਟ ਤਿਟਤਿਟ ਧਾਗੇਨ੍ਤਿ ਨ੍ਤਿਨਕ।
ਤਾੜਾਕੇਕੇ ਨਕਤਿਟ ਤਿਟ - ਕੇਕੇਨਕ, ਤਿਟਤਿਟ ਤਿਟਤਿਟ ਧਾਗੇਨ੍ਧਿ ਨ੍ਧਿਨਗ ॥

**ਬੰਧ # 9**

ਧਾੜਾਘੇਘੇ ਨਗਤਿਟ ਤਿਟ- ਨਗਤਿਟ, ਤਿਟ- ਨਗਤਿਟ ਧਾਗੇਨ੍ਤਿ ਨ੍ਤਿਨਕ ।
ਤਾੜਾਕੇਕੇ ਨਕਤਿਟ ਤਿਟ- ਨਕਤਿਟ, ਤਿਟ- ਨਗਤਿਟ ਧਾਗੇਨ੍ਧਿ ਨ੍ਧਿਨਗ ॥

**ਬੰਧ # 10**

ਤਿਟਤਿਟ ਤਿਟਤਿਟ ਧਾੜਾਘੇਘੇ ਨਗਧਾੜਾ, ਘੇਘੇਨਗ ਤਿਟਤਿਟ ਧਾਗੇਨ੍ਤਿ ਨ੍ਤਿਨਕ ।
ਤਿਟਤਿਟ ਤਿਟਤਿਟ ਤਾੜਾਕੇਕੇ ਨਗਤਾੜਾ, ਘੇਘੇਨਗ ਤਿਟਤਿਟ ਧਾਗੇਨ੍ਧਿ ਨ੍ਧਿਨਗ ॥

**ਕਾਇਦੇ ਦਾ ਮੁਕਾਮ (ਚਕਰਦਾਰ ਤਿਹਾਈ)**

ਤਿਟਤਿਟ ਤਿਟਤਿਟ ਧਾੜਾਘੇਘੇ ਨਗਧਾੜਾ ਘੇਘੇਨਗ ਧਾਟ ਧਾਕਿਟ ਧਾਟ ਧਾਕਿਟ ਧਾਟ ਧਾ-, ਤਿਟਤਿਟ ਤਿਟਤਿਟ ਧਾੜਾਘੇਘੇ ਨਗਧਾੜਾ ਘੇਘੇਨਗ ਧਾਟ ਧਾਕਿਟ ਧਾਟ ਧਾਕਿਟ ਧਾਟ ਧਾ-, ਤਿਟਤਿਟ ਤਿਟਤਿਟ ਧਾੜਾਘੇਘੇ ਨਗਧਾੜਾ ਘੇਘੇਨਗ ਧਾਟ ਧਾਕਿਟ ਧਾਟ ਧਾਕਿਟ ਧਾਟ । ਧਾ-

#340, ਸੰਗੀਤ ਵਿਲਾਸ, ਬੇਦੀ ਕਲੋਨੀ, ਧਾਰੀਵਾਲ - 143519
ਜ਼ਿਲ੍ਹਾ: ਗੁਰਦਾਸਪੁਰ, ਪੰਜਾਬ, (ਭਾਰਤ) ਫੋਨ: +91-98143 49658
Mail: harbhajansinghdhariwal@gmail.com

# ਰਾਗੁ ਬਸੰਤ

ਸੁਰਲਿਪੀ ਸਰਦਾਰ ਹਰਭਜਨ ਸਿੰਘ ਚੋਪੜਾ

**ਥਾਟ :** ਬਿਲਾਵਲ॥

**ਜਾਤੀ** : ਔਡਵ/ ਛਾਡਵ ਸੰਪੂਰਣ॥

**ਸਮਾਂ :** ਦਿਨ ਦਾ ਦੂਜਾ ਪਹਿਰ (ਬਸੰਤ ਰੁੱਤ ਵਿਚ ਹਰ ਸਮੇਂ ॥

**ਵਾਦੀ ਸਵਰ** : ਸੰ ॥ **ਸੰਵਾਦੀ ਸਵਰ** : ਮ ॥

**ਵਰਜਿਤ ਆਰੋਹ ਵਿਚ :** 'ਰ' ਤੇ 'ਪ' ॥

**ਆਰੋਹ :** ਸ ਗ ਮ ਧ ਨ ਸੰ ॥

**ਅਵਰੋਹ :** ਸੰ ਨ ਧ ਪ ਮ, ਗ ਰ ਸ ॥

**ਮੁੱਖ ਅੰਗ :** ਗ ਮ ਧ ਨ ਸੰ, ਸੰ ਨ ਧ ਪ ਮ, ਗ, ਰ ਸ॥

## ਰਾਗੁ ਬਸੰਤ (ਦਾਦਰਾ ਤਾਲ)

| x | | | 0 | | | x | | | 0 | | |
|---|---|---|---|---|---|---|---|---|---|---|---|
| 1 | 2 | 3 | 4 | 5 | 6 | 1 | 2 | 3 | 4 | 5 | 6 |
| | | | | | **ਅਸਥਾਈ** | | | | | | |
| **ਮ** | – | **ਮਗ** | **ਮ** | – | – | **ਗ** | – | **ਗਮ** | **ਰ** | **ਸ** | – |
| ਬਾ | .. | ..ਵ | ਲੀ | .. | .. | ਬਾ | .. | ..ਵ | ਲੀ | .. | ..ਤੂ |
| **ਧ** | – | **ਧਸੰ** | **ਧਪ** | – | – | **ਗ** | – | **ਪਮ** | **ਮ** | – | – |
| ਕਾ | .. | ਇ.. | ਗੁਰ | ਬਹਿ | .. | ਬਾ | .. | ..ਵ | ਲੀ | .. | .. |
| **ਨ** | – | – | **ਧ** | – | – | **ਪ** | – | – | **ਮ** | – | **–ਸ** |
| ਜੈ | ਸੇ | .. | ਭਾ | ਦਉ | .. | ਖੂੰ | .. | ..ਬ | ਰਾ | .. | ਜੁਤੂ |
| **ਮ** | **ਮ** | **ਮਗ** | **ਮ** | – | – | **ਗ** | – | **ਗਮ** | **ਰ** | **ਸ** | – |
| ਤਿਸ | ਤੇ | .. | ਖਰੀ | .. | ..ਉ | ਤਾ | .. | ..ਵ | ਲੀ | .. | .. |
| | | | | | **ਅੰਤਰਾ** | | | | | | |
| **ਮ** | – | – | **ਧ** | – | – | **ਨ** | – | – | **ਸੰ** | – | – |
| ਤੁਝ | ਹਿ | ਸੁ | ਝੇ | ਤਾ | .. | ਕ | ਛੂ | .. | ਨਾ | ਹਿ | ਪਹਿ |
| **ਨ** | – | – | **ਧ** | – | – | **ਪ** | – | – | **ਮ** | – | – |
| ਰਾ | ਵਾ | .. | ਦੇ | ਖੇ | .. | ਊ | .. | ਭਿ | ਜਾ | ਹਿ | .. |
| **ਗੰ** | **ਗੰ** | **ਗੰ** | **ਰੰ** | **ਸੰ** | – | **ਨ** | **ਧ** | **ਰੰ** | **ਸੰ** | – | – |
| ਗ | ਰ | ਬਵ | ਤੀ | ਕਾ | .. | ਨਾ | ਹੀ | .. | ਠਾ | ਉ | ਤੇਰੀ |
| **ਨ** | – | – | **ਧ** | – | – | **ਪ** | – | – | **ਮ** | – | – |
| ਗੁਰ | ਦ | ਨਿ | ਊ | ਪ | ਰਿ | ਲ | ਵੈ | .. | ਕਾ | ਉ | .. |

# ਸੁਰਲਿਪੀ ਵਾਲਾ ਸ਼ਬਦ ਅਤੇ ਅਰਥ

ਬਸੰਤੁ ਬਾਣੀ ਰਵਿਦਾਸ ਜੀ ਕੀ
Basanth Baanee Ravidhaas Jee Kee
Basant. Hymns of Ravidass Ji.
ੴ ਸਤਿਗੁਰ ਪ੍ਰਸਾਦਿ ॥
Ik Oankaar Sathigur Prasaadh ||
There is but One God, By the True Guru's grace, He is obtained.
ਤੁਝਹਿ ਸੁਝੰਤਾ ਕਛੂ ਨਾਹਿ ॥
Thujhehi Sujhanthaa Kashhoo Naahi ||
Thou know not any thing, O man.
ਪਹਿਰਾਵਾ ਦੇਖੇ ਊਭਿ ਜਾਹਿ ॥
Pehiraavaa Dhaekhae Oobh Jaahi ||
Beholding thy dress thou pride on Thyself.
ਗਰਬਵਤੀ ਕਾ ਨਾਹੀ ਠਾਉ ॥
Garabavathee Kaa Naahee Thaao ||
The proud bride finds no place in her Lord's presence.
ਤੇਰੀ ਗਰਦਨਿ ਊਪਰਿ ਲਵੈ ਕਾਉ ॥੧॥
Thaeree Garadhan Oopar Lavai Kaao ||1||
Over thy neck caws the crow of death.
ਤੂ ਕਾਂਇ ਗਰਬਹਿ ਬਾਵਲੀ ॥
Thoo Kaane Garabehi Baavalee ||
Why take thou pride, O demented bride?
ਜੈਸੇ ਭਾਦਉ ਖੂੰਬ ਰਾਜੁ ਤੂ ਤਿਸ ਤੇ ਖਰੀ ਉਤਾਵਲੀ ॥੧॥ ਰਹਾਉ ॥
Jaisae Bhaadho Khoonbaraaj Thoo This Thae Kharee Outhaavalee ||1|| Rehaao ||
Like the big mushroom of the month of Bhadon; thou are much more short-lived than even that. Pause.
ਜੈਸੇ ਕੁਰੰਕ ਨਹੀ ਪਾਇਓ ਭੇਦੁ ॥
Jaisae Kurank Nehee Paaeiou Bhaedh ||
As the deer knows not this secret,
ਤਨਿ ਸੁਗੰਧ ਢੂਢੈ ਪ੍ਰਦੇਸੁ ॥
Than Sugandhh Dtoodtai Pradhaes ||
that the fragrance of musk is within his body and he searches for it elsewhere, similarly the Lord is within the mortal.
ਅਪ ਤਨ ਕਾ ਜੋ ਕਰੇ ਬੀਚਾਰੁ ॥
Ap Than Kaa Jo Karae Beechaar ||
Whosoever understands his body;
ਤਿਸੁ ਨਹੀ ਜਮਕੰਕਰੁ ਕਰੇ ਖੁਆਰੁ ॥੨॥
This Nehee Jamakankar Karae Khuaar ||2||
him the death's courier humiliates not.
ਪੁਤ੍ਰ ਕਲਤ੍ਰ ਕਾ ਕਰਹਿ ਅਹੰਕਾਰੁ ॥
Puthr Kalathr Kaa Karehi Ahankaar ||
Man prides on his sons and wife,
ਠਾਕੁਰੁ ਲੇਖਾ ਮਗਨਹਾਰੁ ॥
Thaakur Laekhaa Maganehaar ||

but it is from him that the Lord shall take an account.
ਫੇੜੇ ਕਾ ਦੁਖੁ ਸਹੈ ਜੀਉ ॥
Faerrae Kaa Dhukh Sehai Jeeo ||
Man suffers pain for the wrought deeds.
ਪਾਛੇ ਕਿਸਹਿ ਪੁਕਾਰਹਿ ਪੀਉ ਪੀਉ ॥੩॥
Paashhae Kisehi Pukaarehi Peeo Peeo ||3||
Whom shall thou, O man, afterwards address as O dear one, O dear one, save me Thou?
ਸਾਧੂ ਕੀ ਜਉ ਲੇਹਿ ਓਟ ॥
Saadhhoo Kee Jo Laehi Outt ||
If thou seek the refuge of the saint,
ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ ॥
Thaerae Mittehi Paap Sabh Kott Kott ||
then they sins, even though millions upon millions shall all be erased.
ਕਹਿ ਰਵਿਦਾਸ ਜੁੋ ਜਪੈ ਨਾਮੁ ॥
Kehi Ravidhaas Juo Japai Naam ||
Says Ravidass, he who utters the Lord's Name;
ਤਿਸੁ ਜਾਤਿ ਨ ਜਨਮੁ ਨ ਜੋਨਿ ਕਾਮੁ ॥੪॥੧॥
This Jaath N Janam N Jon Kaam ||4||1||
he has no concern with caste, birth and existences.

RNI Regd. No. 46788/89 ISSN 0972-2335

